Excellence in Agri Info
KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in

ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ
ਖੇਤੀ ਦੁਨੀਆਂ ਦੇ ਮੈਂਬਰ ਬਣੋ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Editor : Jagpreet Singh • RNI/PUNPUN00806 • Issue Dated 30-11-2024 • Vol.42 No.48 • Ph. : 0175-2214575, 90410-14575 • Page : 16 E-mail : khetiduniyan1983@gmail.com

# ਅਗੇਤੀ ਬੀਜੀ ਕਣਕ ਦੀ ਫਸਲ 'ਤੇ ਗੁਲਾਬੀ ਸੁੰਡੀ ਦਾ ਹਮਲਾ

## ਕਣਕ ਦੇ ਬੂਟੇ ਸੁੱਕਣ ਕਾਰਨ ਕਿਸਾਨ ਚਿੰਤਿਤ

ਬਿਨਾਂ ਪਰਾਲੀ ਸਾੜੇ ਅਗੇਤੀ ਬੀਜੀ ਗਈ ਕਣਕ ਦੀ ਫਸਲ ਉੱਪਰ ਗੁਲਾਬੀ ਸੁੰਡੀ ਦਾ ਵਿਆਪਕ ਹਮਲਾ ਹੋਇਆ ਹੈ। ਪਹਿਲਾਂ ਗੁਲਾਬੀ ਸੁੰਡੀ ਦਾ ਹਮਲਾ ਕੁੱਝ ਖੇਤਾਂ ਵਿਚ ਦੇਖਣ ਲਈ ਮਿਲਿਆ ਸੀ, ਪਰ ਹੁਣ ਬਿਨਾਂ ਪਰਾਲੀ ਸਾੜੇ ਸੁਪਰ ਸੀਡਰ ਨਾਲ ਬਿਜਾਈ ਵਾਲੀ ਕਣਕ ਦੀ ਸਾਰੀ ਫਸਲ ਉੱਪਰ ਸੁੰਡੀ ਦਾ ਹਮਲਾ ਵੇਖਣ ਵਿਚ ਆ ਰਿਹਾ ਹੈ। ਗੁਲਾਬੀ ਸੁੰਡੀ ਦਾ ਹਮਲੇ ਕਾਰਨ ਕਣਕ ਦੇ ਬੂਟੇ ਸੁੱਕ ਰਹੇ ਹਨ ਜਿਸ ਕਾਰਨ ਕਿਸਾਨ ਚਿੰਤਤ ਨਜ਼ਰ ਆ ਰਹੇ ਹਨ। ਦੂਜੇ ਪਾਸੇ ਗੁਲਾਬੀ ਸੁੰਡੀ ਦਾ ਹਮਲੇ ਤੋਂ ਬਾਅਦ ਖੇਤੀਬਾੜੀ ਮੰਤਰੀ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕਿਸਾਨਾਂ ਨਾਲ ਸੰਪਰਕ ਕਰਨ ਲਈ ਕਿਹਾ ਹੈ, ਪਰ ਵਿਭਾਗ ਦੇ ਅਧਿਕਾਰੀ ਅਜੇ ਕੁੰਭਕਰਨੀ ਨੀਂਦ ਸੁੱਤੇ ਨਜ਼ਰ ਆ ਰਹੇ ਹਨ। ਇਸ ਹਮਲੇ ਦਾ ਕਾਰਨ ਮੌਸਮ ਵਿਚ ਜ਼ਿਆਦਾ ਗਰਮਾਹਟ ਹੋਣਾ ਦੱਸਿਆ ਜਾ ਰਿਹਾ ਹੈ। ਖੇਤੀ ਮਾਹਿਰਾਂ ਦਾ ਕਹਿਣਾ ਹੈ ਕਿ ਝੋਨੇ ਦੀ ਕਟਾਈ ਤੋਂ ਬਾਅਦ ਸੁੰਡੀ ਪਰਾਲੀ ਵਿਚ ਰਹਿ ਜਾਂਦੀ ਹੈ ਜਿਹੜੀ ਕਿ ਕਣਕ ਦੀ ਉੱਗ ਰਹੀ ਫਸਲ ਨੇੜੇ ਆਂਡੇ ਦਿੰਦੀ ਹੈ ਜਿਸ ਤੋਂ ਬਾਅਦ ਸੁੰਡੀ ਦਾ ਰੂਪ ਲੈ ਕੇ ਕਣਕ ਨੂੰ ਜੜ੍ਹਾਂ ਵਿੱਚੋਂ ਖਾਣ ਲੱਗਦੀ ਹੈ ਅਤੇ ਕਣਕ ਦੇ ਪੌਦੇ ਸੁੱਕ ਜਾਂਦੇ ਹਨ। ਇਹ ਸੁੰਡੀ ਕਣਕ ਦੀ ਫਸਲ ਲਈ ਕਾਫੀ ਘਾਤਕ ਸਿੱਧ ਹੋ ਸਕਦੀ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਿਹੜਾ ਹਮਲਾ ਕਣਕ ਦੀ ਫਸਲ 'ਤੇ ਵੇਖਣ ਲਈ ਮਿਲ ਰਿਹਾ ਹੈ, ਇਹ ਝੋਨੇ ਉੱਪਰ ਹਮਲਾ ਕਰਨ ਵਾਲੀ ਗੁਲਾਬੀ ਸੁੰਡੀ ਹੋਰ ਹੁੰਦੀ ਹੈ। ਜ਼ਿਲ੍ਹੇ ਦੇ ਪਿੰਡ ਪੂਹਲੀ ਦੇ ਕਿਸਾਨ ਸਵਰਨ ਸਿੰਘ ਨੇ ਦੱਸਿਆ ਕਿ ਉਸਨੇ ਖੇਤੀਬਾੜੀ ਵਿਭਾਗ ਅਤੇ ਪੰਜਾਬ ਸਰਕਾਰ ਦੇ ਆਦੇਸ਼ਾਂ ਤੋਂ ਬਾਅਦ ਸੁਪਰਸੀਡਰ ਨਾਲ ਪਰਾਲੀ ਦਾ ਪ੍ਰਬੰਧਨ ਕਰਕੇ ਕਣਕ ਦੀ ਸਿੱਧੀ ਬਿਜਾਈ ਕੀਤੀ ਸੀ, ਪਰ ਹੁਣ ਕਣਕ ਦੀ ਫਸਲ ਦੀਆਂ ਜੜ੍ਹਾਂ ਵਿਚ ਗੁਲਾਬੀ ਸੁੰਡੀ ਦਾ ਹਮਲਾ ਵੇਖਣ ਲਈ ਮਿਲ ਰਿਹਾ ਹੈ। ਉਸਨੇ ਕਰੀਬ 12,13 ਦਿਨ ਪਹਿਲਾਂ ਸੁਪਰਸੀਡਰ ਰਾਹੀਂ ਕਣਕ ਦੀ ਬਿਜਾਈ ਕੀਤੀ ਸੀ। ਉਸ ਦੇ ਖੇਤ ਵਿਚ ਬੀਜੀ ਗਈ ਕਣਕ ਜੰਮ ਚੁੱਕੀ ਹੈ, ਪਰ ਜਦੋਂ ਉਸਨੇ ਆਪਣੀ ਕਣਕ ਦਾ ਚੰਗੀ ਤਰ੍ਹਾਂ ਨਿਰੀਖਣ ਕੀਤਾ ਤਾਂ ਵੇਖਿਆ ਕਿ ਕਣਕ ਦੀ ਫਸਲ ਦੀਆਂ ਜੜ੍ਹਾਂ ਵਿਚ ਗੁਲਾਬੀ ਸੁੰਡੀ ਦਾ ਹਮਲਾ ਹੋ ਚੁੱਕਾ ਹੈ, ਜਿਸ ਕਾਰਨ ਕਣਕ ਦੀ ਫਸਲ ਸੁੱਕਣੀ ਸ਼ੁਰੂ ਹੋ ਗਈ ਹੈ। ਕਿਸਾਨ ਇਕਬਾਲਜੀਤ ਸਿੰਘ ਮੁਤਾਬਕ ਕਣਕ ਦੀ ਅਗੇਤੀ ਫਸਲ ਉੱਪਰ ਸੁੰਡੀ ਦਾ ਹਮਲਾ ਹੋ ਚੁੱਕਾ ਹੈ ਜਿਸ ਨੂੰ ਰੋਕਣ ਲਈ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਕਣਕ ਨੂੰ ਪਾਣੀ ਨਾਲ ਭਰ ਕੇ ਉਸ ਵਿਚ ਕੀੜੇਮਾਰ ਦਵਾਈ ਪਾਉਣ ਲਈ ਕਹਿ ਰਹੇ ਹਨ ਪਰ ਜੇਕਰ ਉਹ ਫਸਲ ਨੂੰ ਪਾਣੀ ਲਗਾਵੇਗਾ ਤਾਂ ਕਣਕ ਦਾ ਫੁਟਾਰਾ ਰੁੱਕ ਜਾਵੇਗਾ।



ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਅਧਿਕਾਰੀ ਬੀਜੀ ਕਣਕ ਦਾ ਨਿਰੀਖਣ ਕਰਦੇ ਹੋਏ।

### ਰੋਕਥਾਮ ਲਈ ਵਿਭਾਗ ਦੀ ਸਿਫਾਰਸ਼

ਕਣਕ ਦੀ ਫਸਲ ਨੂੰ ਗੁਲਾਬੀ ਸੁੰਡੀ ਤੋਂ ਬਚਾਉਣ ਲਈ ਹਮੇਸ਼ਾਂ ਬੀਜ ਨੂੰ ਕੀਟਨਾਸ਼ਕ ਜਿਵੇਂ 160 ਮਿਲੀਲਿਟਰ ਕਲੋਰੋਪਾਇਰੀਫਾਸ ਜਾਂ 80 ਮਿਲੀਲਿਟਰ ਇਮਿਡਾਕਲੋਪਰਿਡ ਨਾਲ ਹੈਕਸਾਕੋਨਾਜੋਲ ਪ੍ਰਤੀ 40 ਕਿਲੋ ਨਾਲ ਬੀਜ ਨੂੰ ਸੋਧ ਕੇ ਹੀ ਕਣਕ ਦੀ ਬਿਜਾਈ ਕਰਨ।

ਜੇਕਰ ਸੁੰਡੀ ਦਾ ਹਮਲਾ ਜ਼ਿਆਦਾ ਹੋਵੇ ਤਾਂ 7 ਕਿਲੋ ਫਿਪਰੋਨਿਲ ਜਾਂ ਇਕ ਲਿਟਰ ਕਲੋਰੋਪਾਇਰੀਫਾਸ 20 ਈ ਸੀ ਨੂੰ ਕਿਲੋ ਸਿੱਲ੍ਹੀ ਮਿੱਟੀ ਵਿਚ ਰਲਾ ਕੇ ਛਿੱਟਾ ਦਿਓ ਜਾਂ ਇਸ ਦੇ ਬਦਲ ਵਿਚ 50 ਮਿਲੀਲਿਟਰ ਪ੍ਰਤੀ ਏਕੜ ਕੋਰਾਜ਼ਿਨ 185 ਐਸ ਸੀ ਕਲੋਰਐਂਟਰਾਨਿਲੀਪਰੋਲ ਨੂੰ 80 ਤੋਂ 100 ਲਿਟਰ ਪਾਣੀ ਵਿਚ ਘੋਲ ਕੇ ਨੈਪਸੈਕ ਪੰਪ ਨਾਲ ਛਿੜਕਾ ਕਰੋ ਜਾਂ ਫਿਰ 400 ਮਿਲੀਲਿਟਰ ਏਕਾਲੈਕਸ 25 ਈਸੀ ਕੁਇਨਲਫਾਸ ਦਾ ਸ਼ਾਮ ਵੇਲੇ ਛਿੜਕਾ ਕੀਤਾ ਜਾਵੇ।

### ਕਣਕ ਬੀਜਣ ਤੋਂ ਪਹਿਲਾਂ ਹੀ ਕੀਤੀ ਜਾ ਰਹੀ ਸਪਰੇਅ

ਕਣਕ ਦੀ ਖੇਤੀ ਵਿਚ ਮੋਹਰੀ ਰਹਿਣ ਵਾਲੇ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਵਿਚ ਇਸ ਵੇਲੇ ਕਣਕ ਦੀ ਬਿਜਾਈ 92 ਫੀਸਦੀ ਤੋਂ ਵੱਧ ਹੋ ਚੁੱਕੀ ਹੈ। ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਕਣਕ ਦੀ ਫਸਲ ਤੇ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਾਅਦ ਜ਼ਿਲ੍ਹੇ ਦੇ ਕਿਸਾਨ ਵੀ ਗੁਲਾਬੀ ਸੁੰਡੀ ਦੇ ਡਰ ਅਤੇ ਨਦੀਨਾਂ ਦੀ ਰੋਕਥਾਮ ਲਈ ਕਣਕ ਦੀ ਬਿਜਾਈ ਤੋਂ ਪਹਿਲਾਂ ਹੀ ਖੇਤਾਂ ਵਿਚ ਨਦੀਨ ਨਾਸ਼ਕ ਤੇ ਸੁੰਡੀ ਦੇ ਖਾਤਮੇ ਲਈ ਮਹਿੰਗੇ ਭਾਅ ਦੀਆਂ ਸਪਰੇਆਂ ਕਰ ਰਹੇ ਹਨ। ਦੂਸਰੇ ਪਾਸੇ ਖੇਤੀਬਾੜੀ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਗੁਲਾਬੀ ਸੁੰਡੀ ਦੇ ਖਤਰੇ ਨੂੰ ਵੇਖਦਿਆਂ ਹੋਇਆਂ ਜ਼ਿਲ੍ਹਾ ਖੇਤੀਬਾੜੀ ਅਫਸਰ ਸੁਰਿੰਦਰ ਪਾਲ ਸਿੰਘ ਵੱਲੋਂ ਜ਼ਿਲ੍ਹੇ ਦੇ ਸਮੁੱਚੇ ਬਲਾਕ ਖੇਤੀਬਾੜੀ ਵਿਭਾਗ ਅਫਸਰ ਨੂੰ ਅਲਰਟ ਕਰਦਿਆਂ ਗੁਲਾਬੀ ਸੁੰਡੀ ਤੇ ਨਜ਼ਰ ਰੱਖਣ ਲਈ ਪਿੰਡਾਂ ਦੇ ਖੇਤਾਂ ਵਿਚ ਜਾਂਚ ਕਰਨ ਦੀਆਂ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ। ਸੁਰਿੰਦਰ ਪਾਲ ਸਿੰਘ ਦਾ ਕਹਿਣਾ ਹੈ ਕਿ ਜ਼ਿਲ੍ਹੇ ਵਿਚ ਅਜੇ ਤੱਕ ਕੋਈ ਵੀ ਗੁਲਾਬੀ ਸੁੰਡੀ ਦਾ ਕੇਸ ਸਾਹਮਣੇ ਨਹੀਂ ਆਇਆ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 92 ਫੀਸਦੀ ਕਣਕ ਦੀ ਬਿਜਾਈ ਹੋ

ਬਾਕੀ ਸਫਾ 14 'ਤੇ

BEW
KSA
ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ



• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੈਂਟ ਡਿਜ਼ਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS AGRICULTURAL INDUSTRIES PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

ਅੰਦਰ ਪੜ੍ਹੋ



ਕਿਸਾਨਾਂ ਦਾ ਘੱਟਦਾ ਮੁਨਾਫਾ ਅਤੇ ਵੱਧਦੀ ਖੱਜਲ ਖੁਆਰੀ



ਕਣਕ ਦੀ ਫਸਲ ਵਿਚ ਤਣਾਅ ਦੇ ਕਾਰਨ ਅਤੇ ਸੁਧਾਰ



ਕਣਕ ਦੇ ਕਾਸ਼ਤਕਾਰ ਕਿਸਾਨਾਂ ਲਈ ਰੁਝੇਵੇਂ



ਸਾਰਾ ਸਾਲ ਬੀਤ ਗਿਆ, ਨਾ ਸਰਕਾਰਾਂ ਨੂੰ ਪਤਾ ਲੱਗਾ ਕਿ ਅਸੀਂ ਫਸਲ ਸਟੋਰ ਕਰਨ ਲਈ ਜਗ੍ਹਾ ਬਣਾਉਣੀ, ਨਾ ਸ਼ੈਲਰਾਂ ਵਾਲਿਆਂ ਨੂੰ ਕਿ ਰਿਕਵਰੀ ਘੱਟ ਹੈ ਨਾਂ ਆੜ੍ਹਤੀਆਂ ਨੂੰ ਯਾਦ ਆਇਆ ਕਿ ਅਸੀਂ ਕਮਿਸ਼ਨ ਵਧਾਉਣਾ ਹੈ। ਜਦੋਂ ਪਹਿਲੀ ਅਕਤੂਬਰ ਆਈ ਸਭ ਨੂੰ ਯਾਦ ਆ ਗਿਆ ਕਾਵਾਂ ਰੌਣੀ ਪਾਉਣੀ ਸ਼ੁਰੂ ਕਰ ਦਿੱਤੀ। ਹਾਲਾਂਕਿ ਫਸਲ ਮੰਡੀਆਂ ਵਿਚ ਦਸ ਦਿਨ ਲੇਟ ਆਈ ਪਰ ਫਸਲ ਆਉਣ ਤੱਕ ਤਿੰਨਾਂ ਧਿਰਾਂ ਨੇ ਕਮਰਕੱਸੇ ਕੱਸ ਲਏ ਕਿ ਕਿਸਾਨ ਯੂਨੀਅਨਾਂ ਵਾਲੇ ਬਹੁਤੇ ਚਾਂਬਲੇ ਫਿਰਦੇ ਹਨ ਐਤਕੀ ਇਹਨਾਂ ਨੂੰ ਸਬਕ ਸਿਖਾਉਣਾ ਹੈ। ਖਰੀਦ ਸ਼ੁਰੂ ਨਹੀਂ ਹੋਈ।

# ਕਿਸਾਨਾਂ ਦਾ ਘੱਟਦਾ ਮੁਨਾਫਾ ਅਤੇ ਵੱਧਦੀ ਖੱਜਲ ਖੁਆਰੀ



ਡਾ. ਅਮਨਪ੍ਰੀਤ ਸਿੰਘ ਬਰਾੜ
ਐਸੋਸੀਏਟ ਪ੍ਰੋਫੈਸਰ ਬਿਜ਼ਨਸ ਮੈਨੇਜਮੈਂਟ, ਗੁਰੂ ਨਾਨਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਲੁਧਿਆਣਾ
ਮੋ. 96537-90000

ਭਾਵੇਂ ਕਿ ਅਨਾਜ ਦੀਆਂ ਕੀਮਤਾਂ ਹਰ ਸਾਲ ਵਧਾਈਆਂ ਜਾਂਦੀਆਂ ਹਨ ਪਰ ਫਿਰ ਵੀ ਕਿਸਾਨ ਦਾ ਮੁਨਾਫਾ ਹਰ ਸਾਲ ਘੱਟਦਾ ਜਾ ਰਿਹਾ ਹੈ। ਇਸ ਦੇ ਕਈ ਕਾਰਨ ਹਨ, ਇਕ ਕਾਰਨ ਤਾਂ ਇਹ ਵੀ ਹੈ ਕਿ ਜਿੰਨੀ ਬਾਕੀ ਵਸਤੂਆਂ ਦੀ ਮਹਿੰਗਾਈ ਵੱਧਦੀ ਹੈ ਕਿਸਾਨ ਦੀ ਉਪਜ ਦਾ ਮੁੱਲ ਉਸ ਹਿਸਾਬ ਨਾਲ ਨਹੀਂ ਵੱਧਦਾ। ਇਸ ਤੋਂ ਅੱਗੇ ਆਉਂਦੀਆਂ ਹਨ ਕੁਦਰਤੀ ਜਾਂ ਆਦਮੀਆਂ ਦੀਆਂ ਘੜੀਆਂ ਕੀਤੀਆਂ ਆਫਤਾਂ, ਪਿਛਲੇ ਸਾਲ ਹੜ੍ਹਾਂ ਦੀ ਕਰੋਪੀ ਹੋਈ। ਇਸ ਸਾਲ ਕੁਦਰਤ ਦੀ ਮੇਹਰ ਰਹੀ ਮੌਸਮ ਵਧੀਆ ਰਿਹਾ ਕੁੱਝ ਥਾਵਾਂ ਤੇ ਮੌਨਸੂਨ ਘੱਟ ਰਹੀ ਪਰ ਸਿੰਚਾਈ ਦੇ ਸਾਧਨ ਚੰਗੇ ਹੋਣ ਕਰਕੇ ਫਸਲ ਚੰਗੀ ਹੋਈ। ਵਾਢੀ ਦੇ ਮੌਸਮ ਵਿਚ ਕੁਦਰਤ ਨੇ ਹੁਣ ਤੱਕ ਸਾਥ ਦਿੱਤਾ ਜੇ ਕਿਤੇ ਚਾਰ ਕਣੀਆਂ ਪੈ ਜਾਂਦੀਆਂ ਤਾਂ ਮੰਡੀਆਂ ਦਾ ਪਤਾ ਨਹੀਂ ਨਹੀਂ ਕੀ ਹਾਲ ਹੋਣਾ ਸੀ।

ਸਾਰਾ ਸਾਲ ਬੀਤ ਗਿਆ, ਨਾ ਸਰਕਾਰਾਂ ਨੂੰ ਪਤਾ ਲੱਗਾ ਕਿ ਅਸੀਂ ਫਸਲ ਸਟੋਰ ਕਰਨ ਲਈ ਜਗ੍ਹਾ ਬਣਾਉਣੀ, ਨਾ ਸ਼ੈਲਰਾਂ ਵਾਲਿਆਂ ਨੂੰ ਕਿ ਰਿਕਵਰੀ ਘੱਟ ਹੈ ਨਾਂ ਆੜ੍ਹਤੀਆਂ ਨੂੰ ਯਾਦ ਆਇਆ ਕਿ ਅਸੀਂ ਕਮਿਸ਼ਨ ਵਧਾਉਣਾ ਹੈ। ਜਦੋਂ ਪਹਿਲੀ ਅਕਤੂਬਰ ਆਈ ਸਭ ਨੂੰ ਯਾਦ ਆ ਗਿਆ ਕਾਵਾਂ ਰੌਣੀ ਪਾਉਣੀ ਸ਼ੁਰੂ ਕਰ ਦਿੱਤੀ। ਹਾਲਾਂਕਿ ਫਸਲ ਮੰਡੀਆਂ ਵਿਚ ਦਸ ਦਿਨ ਲੇਟ ਆਈ ਪਰ ਫਸਲ ਆਉਣ ਤੱਕ ਤਿੰਨਾਂ ਧਿਰਾਂ ਨੇ ਕਮਰਕੱਸੇ ਕੱਸ ਲਏ ਕਿ ਕਿਸਾਨ ਯੂਨੀਅਨਾਂ ਵਾਲੇ ਬਹੁਤੇ ਚਾਂਬਲੇ ਫਿਰਦੇ ਹਨ ਐਤਕੀ ਇਹਨਾਂ



ਨੂੰ ਸਬਕ ਸਿਖਾਉਣਾ ਹੈ। ਖਰੀਦ ਸ਼ੁਰੂ ਨਹੀਂ ਹੋਈ। ਮੰਡੀਆਂ ਭਰਨੀਆਂ ਸ਼ੁਰੂ ਹੋ ਗਈਆਂ ਸੋਸ਼ਲ ਮੀਡੀਆ ਤੇ ਖਬਰਾਂ ਝੋਨੇ ਦੀਆਂ ਹੀ, ਇੱਕ ਦੂਜੇ ਤੇ ਇਲਜ਼ਾਮਬਾਜ਼ੀ, ਹੱਲ ਕੋਈ ਨਹੀਂ ਹਾਲਾਂਕਿ ਰਿਕਵਰੀ ਦਾ ਮਸਲਾ ਸਭ ਤੋਂ ਸੌਖਾ ਹੱਲ ਕੀਤਾ ਜਾ ਸਕਦਾ ਸੀ। ਉਸ ਤੇ ਵੀ ਫੈਸਲਾ ਲਟਕਾਈ ਰੱਖਿਆ ਸਾਰੀਆਂ ਧਿਰਾਂ ਦੀ ਗਿਆਰਾਂ ਮੈਂਬਰੀ ਕਮੇਟੀ ਬਣਾ ਦਿੰਦੇ। ਰਿਕਵਰੀ ਅਮਲੀ ਤੌਰ ਤੇ ਕਮੇਟੀ ਦੇ ਸਾਹਮਣੇ ਕਰਵਾ ਲੈਂਦੇ, ਪਰ ਸਾਨੂੰ ਕੀ, ਰਗੜਾ ਤਾਂ ਕਿਸਾਨ ਨੂੰ ਲੱਗਦਾ ਹੈ। ਤਰਾਸਦੀ ਵੇਖੋ ਕਿਸਾਨਾਂ ਦਾ ਨੁਕਸਾਨ ਕਰਨ ਵਾਲਿਆਂ ਨੇ ਹੀ ਕਿਸਾਨਾਂ ਨੂੰ ਅੱਗੇ ਲਾ ਕੇ ਸੜਕਾਂ ਰੋਕੀਆਂ।

## ਨਮੀਂ

ਮੰਡੀਆਂ ਵਿਚ ਝੋਨੇ ਦੇ ਅੰਬਾਰ ਲੱਗ ਗਏ, ਝਾਰ ਲਾਉਣ ਲਈ ਵੀ ਜਗ੍ਹਾ ਨਹੀਂ। ਸਭ ਨੂੰ ਪਤਾ ਹੈ ਕਿ ਝੋਨੇ ਵਿੱਚ ਨਮੀ ਘੱਟ ਵੀ ਹੋਵੇ ਤਾਂ ਅਣਛਾਣਿਆ ਝੋਨਾ ਢੇਰੀ ਵਿਚ ਪਿਆ ਨਮੀਂ ਛੱਡ ਜਾਂਦਾ ਹੈ। ਸਾਇੰਸ ਦੇ ਹਿਸਾਬ ਨਾਲ ਵੀ ਜਦੋਂ ਕਿਸੇ ਵੀ ਚੀਜ਼ ਤੇ ਦਬਾਅ ਬਣੇਗਾ ਤਾਂ ਉਹ ਸਿੱਲ ਛੱਡੇਗੀ। ਇਸ ਤਰ੍ਹਾਂ ਜਦੋਂ ਢੇਰ ਪਿਆ ਰਿਹਾ ਜਿਹੜੀ ਚੌਲਾਂ ਵਿਚ ਨਮੀ ਹੈ ਉਸਨੇ ਛਿਲਕੇ ਸਲਾਬਿਆ ਗਿਆ ਤਾਂ ਨਮੀਂ ਕਿਵੇਂ ਘਟੂ। ਹੁਣ ਕਈ ਦਹਾਕਿਆਂ ਤੋਂ ਕਿਸਾਨ ਸੁੱਕਾ ਝੋਨਾ ਵੱਢਦੇ ਹਨ। ਮੰਡੀ ਵਿਚ ਨਾਲ-ਨਾਲ ਝਾਰਿਆ ਜਾਂਦਾ ਹੈ, ਜਿਸ ਕਾਰਨ ਬਰੀਕ ਕੰਡ ਅਤੇ ਪੱਤੀ ਨਿਕਲ ਜਾਂਦੀਆਂ ਹਨ। ਜੇ ਕੋਈ ਛੋਟੀ ਮੋਟੀ ਢੇਰੀ ਸਲਾਬੀ ਵੀ ਆ ਗਈ ਤਾਂ ਖਲਾਰਨ ਨੂੰ ਜਗ੍ਹਾ ਹੁੰਦੀ ਸੀ ਉਹ ਦੂਜੇ ਦਿਨ ਤੁੱਲ ਜਾਂਦੀ ਸੀ। ਸਾਰਾ ਚੱਕਰ ਮੰਡੀਆਂ ਵਿੱਚੋਂ ਪਹਿਲਾਂ ਨਾਲ ਦੀ ਨਾਲ ਛਾਣਿਆਂ ਨਾ ਜਾਣਾ ਅਤੇ ਤੋਲਿਆ ਝੋਨਾ ਮੰਡੀਆਂ ਵਿੱਚੋਂ ਚੁੱਕਿਆ ਨਾ ਜਾਣ ਕਰਕੇ ਪਿਆ ਹੈ। ਜਦੋਂ ਕੱਟ ਲੱਗ ਕਿਆ ਫਿਰ ਗਿੱਲਾ ਸੁੱਕਾ, ਕਾਲਾ, ਗੋਰਾ ਸਭ ਤੁਲ ਜਾਂਦਾ ਹੈ।

## ਪਰਾਲੀ

ਇਕ ਪਾਸੇ ਕਿਸਾਨ ਝੋਨੇ ਦੀ ਤੁਲਾਈ ਨੂੰ ਲੈ ਕੇ ਪਰੇਸ਼ਾਨ ਹੈ ਦੂਜੇ ਪਾਸੇ ਉਸ ਨੂੰ ਪਰਾਲੀ ਦਾ ਫਿਕਰ ਹੈ ਉਹ ਗੰਢਾਂ ਬੰਨ੍ਹਣ ਵਾਲੀਆਂ ਮਸ਼ੀਨਾਂ ਵਾਲਿਆਂ ਦੀਆਂ ਮਿੰਨਤਾਂ ਕਰਦਾ ਫਿਰਦਾ ਹੈ। ਭਾਵੇਂ ਕਿ ਯੂਨੀਵਰਸਿਟੀ ਅਤੇ ਸਰਕਾਰ ਨੇ ਕਈ ਤਰ੍ਹਾਂ ਦੀਆਂ ਮਸ਼ੀਨਾਂ ਅਤੇ ਤਰੀਕੇ ਦੱਸੇ ਹਨ ਪਰ ਸਭ ਤੋਂ ਚੰਗਾ ਤਰੀਕਾ ਹੈ ਗੰਢਾਂ ਬੰਨ੍ਹਣ ਵਾਲਾ। ਜੇ ਗੰਢਾਂ ਬੰਨ੍ਹ ਕੇ ਪਰਾਲੀ ਚੁੱਕੀ ਜਾਵੇ ਤਾਂ ਕਿਸਾਨ ਆਪਣੇ ਟਰੈਕਟਰ ਅਤੇ ਮਸ਼ੀਨ ਨਾਲ ਬਿਜਾਈ ਕਰ ਲੈਂਦਾ ਹੈ। ਪਰ ਇਸ ਸਾਲ ਗੰਢਾਂ ਬੰਨ੍ਹਣ ਵਾਲੇ ਇਕ ਤਾਂ ਹੈ ਘੱਟ ਦੂਜੇ ਜਿਨ੍ਹਾਂ ਨੇ ਪਰਾਲੀ ਖਰੀਦਣੀ ਹੈ ਉਹ ਪੈਰ ਨਹੀਂ ਲੱਗਣ ਦਿੰਦੇ ਕਿਉਂਕਿ ਸਰਕਾਰ ਦੀ ਸਖਤੀ ਕਰਕੇ ਉਹ ਪਰਾਲੀ ਵਿਚ ਨੁਕਸ ਕੱਢਦੇ ਹਨ ਅਤੇ ਟਰਾਲੀ ਲਾਹੁੰਦੇ ਨਹੀਂ। ਰੌਲਾ ਹਰ ਜਗ੍ਹਾ ਭਾਅ ਘਟਾਉਂਦਾ ਹੈ। ਜਦੋਂ ਮਿਲ ਵਾਲੇ ਭਾਅ ਘਟਾਉਂਦੇ ਹਨ ਮਸ਼ੀਨ ਵਾਲੇ ਅੱਗੇ ਕਿਸਾਨ ਤੋਂ ਵੱਧ ਪੈਸੇ ਮੰਗਦੇ ਹਨ।

ਜਦੋਂ ਗੰਢਾਂ ਦੀ ਗੱਲ ਨਹੀਂ ਬਣਦੀ ਫਿਰ ਕਿਸਾਨ ਸੁਪਰ ਸੀਡਰ ਵਾਲਿਆਂ ਮਗਰ ਭੱਜਦਾ ਹੈ ਅੱਗੋਂ ਉਹ ਵੀ ਨਖਰੇ ਕਰਦੇ ਹਨ ਕਿਉਂਕਿ ਉਸ ਨੂੰ ਖਿੱਚਣ ਲਈ ਟਰੈਕਟਰ ਦੀ ਜਾਨ ਨਿਕਲਦੀ ਹੈ ਅਤੇ ਘੱਟੋ-ਘੱਟ 10 ਲਿਟਰ ਡੀਜ਼ਲ ਪ੍ਰਤੀ ਏਕੜ ਦਾ ਲੱਗਦਾ ਹੈ। ਡੀਜ਼ਲ ਤਾਂ ਕਿਸਾਨ ਬਾਲਦੂ ਪਰ ਜਦੋਂ ਟਰੈਕਟਰ ਫੁੱਲ ਰੇਸ ਤੇ ਘੰਟਿਆਂ ਬੱਧੀ ਚੱਲਦਾ ਹੈ ਉਪਰ ਬੈਠੇ ਟਰੈਕਟਰ ਦੇ ਮਾਲਕ ਦਾ ਦਿਲ ਧੱਕ-ਧੱਕ ਕਰਦਾ ਹੈ। 11-12 ਲੱਖ ਦਾ ਟਰੈਕਟਰ ਵਿਆਜ ਪੈ ਕੇ 15-16 ਲੱਖ ਵਿਚ ਪੈਂਦਾ ਹੈ। ਇਥੇ ਹੀ ਬੱਸ ਨਹੀਂ ਜਦੋਂ ਕਿਸੇ ਕਿਸਾਨ ਦਾ ਕਿਸੇ ਪਾਸੇ ਹੱਥ ਨਹੀਂ ਅੜਦਾ ਅਤੇ ਉਸ ਨੂੰ ਮਜ਼ਬੂਰੀ ਵੱਸ ਅੱਗ ਲਾਉਣੀ ਪੈਂਦੀ ਹੈ ਉਸ ਨੂੰ ਪਹਿਲਾਂ ਨਾਲੋਂ ਦੁੱਗਣਾ ਜੁਰਮਾਨਾ ਭਰਨਾ ਪਵੇਗਾ। ਜੋ 2 ਏਕੜ ਤੋਂ ਘੱਟ ਵਾਲੇ ਕਿਸਾਨ ਨੂੰ 5 ਹਜ਼ਾਰ, 2-5 ਏਕੜ ਵਾਲੇ ਨੂੰ 10 ਹਜ਼ਾਰ ਅਤੇ 5 ਏਕੜ ਤੋਂ ਵੱਧ ਵਾਲੇ ਨੂੰ 30 ਹਜ਼ਾਰ ਦੇਣਾ ਪਵੇਗਾ। ਇਕੱਲਾ ਜੁਰਮਾਨਾ ਨਹੀਂ ਪਰਚਾ ਅਤੇ ਜਮ੍ਹਾਂਬੰਦੀ ਵਿਚ ਲਾਲ ਇੰਦਰਾਜ ਵੀ ਨਾਲ ਹੀ ਹੈ।

## ਡੀ. ਏ. ਪੀ.

ਡੀ. ਏ. ਪੀ. ਦੀ ਘਾਟ ਵੀ ਗਲਤ ਪਲੈਨਿੰਗ ਕਰਕੇ ਜਾਂ ਨੈਨੋਂ ਡੀ.ਏ.ਪੀ. ਨੂੰ ਜਬਰਦਸਤੀ ਧੱਕਣ ਕਰਕੇ ਹੋਈ। ਜਦੋਂ ਤੋਂ ਨੈਨੋ ਖਾਦਾਂ ਮੰਡੀ ਵਿਚ ਆਈਆਂ ਹਨ ਸਰਕਾਰ ਇਹਨਾਂ ਨੂੰ ਵੇਚ ਕੇ ਦੂਜੀਆਂ ਖਾਦਾਂ ਦੀ ਦਰਆਮਦ ਘਟਾਉਣੀ ਚਾਹੁੰਦੀ ਹੈ ਹਾਲਾਂਕਿ ਪੀ. ਏ. ਯੂ. ਮੁਤਾਬਕ ਇਹਨਾਂ ਖਾਦਾਂ ਨਾਲ ਫਸਲ ਦੀ ਜ਼ਰੂਰਤ ਪੂਰੀ ਨਹੀਂ ਹੁੰਦੀ ਅਤੇ ਫਸਲ ਦਾ ਨੁਕਸਾਨ ਹੁੰਦਾ। ਤਜ਼ਰਬਾ ਅਤੇ ਮੁਨਾਫਾ ਇਫਕੋ ਦੇ ਹਿੱਸੇ ਪ੍ਰੇਸ਼ਾਨੀ ਅਤੇ ਨੁਕਸਾਨ ਕਿਸਾਨ ਦੀ। ਨੈਨੋਂ ਖਾਦਾਂ ਸੰਬੰਧੀ ਪੰਜਾਬ ਸਰਕਾਰ ਨੂੰ ਇਕ ਨੀਤੀ ਬਣਾਉਣੀ ਚਾਹੀਦੀ ਹੈ ਅਤੇ ਯੂਰੀਆ ਅਤੇ ਡੀ.ਏ.ਪੀ. ਦੀ ਮੰਗ ਨਿਸ਼ਚਿਤ ਰੂਪ ਵਿਚ ਪੂਰੀ ਕਰਨ ਲਈ ਇੰਤਜ਼ਾਮ ਕਰਨੇ ਚਾਹੀਦੇ ਹਨ। ਅਸਲੀਅਤ ਇਹ ਹੈ ਕਿ ਸਰਕਾਰਾਂ ਬਨਦੀਆਂ ਲੋਕਾਂ ਦੀ ਸੇਵਾ ਲਈ ਪਰ ਸਰਕਾਰ ਬਣਾ ਕੇ ਜੋਰ ਸਾਰਾ ਲੱਗ ਜਾਂਦਾ ਹੈ। ਰਹਿੰਦੀ ਉਮਰੇ ਰਾਜ ਕਿਹੜੇ ਢੰਗ ਤਰੀਕੇ ਕੀਤਾ ਜਾ ਸਕਦਾ ਹੈ।

## ਚੌਲਾਂ ਦੀ ਗੁਣਵੱਤਾ

ਅੱਜ ਤਕਰੀਬਨ 55 ਸਾਲ ਬਾਅਦ ਪੰਜਾਬ ਤੋਂ ਦੂਜੇ ਸੂਬਿਆਂ ਨੂੰ ਜਾਂਦੇ ਚੌਲਾਂ ਦੀ ਗੁਣਵੱਤਾ ਨੂੰ ਸ਼ੱਕ ਦੇ ਘੇਰੇ ਵਿਚ ਲਿਆਂਦਾ ਗਿਆ। 20 ਕੁ ਦਿਨ ਪਹਿਲਾਂ ਅਰੁਨਾਚਲ ਪ੍ਰਦੇਸ਼ ਤੋਂ ਇਹ ਖਬਰ ਆਈ ਕਿ ਪੰਜਾਬ ਤੋਂ ਭੇਜੇ ਗਏ ਚੋਲਾਂ ਦੇ ਨਮੂਨੇ ਫੇਲ੍ਹ ਹੋ ਗਏ। ਉਸ ਤੋਂ ਦੋ ਹਫਤੇ ਬਅਦ ਕਰਨਾਟਕਾ ਨੂੰ ਭੇਜੇ ਗਏ 26 ਨਮੂਨਿਆਂ ਵਿਚੋਂ 4 ਫੇਲ੍ਹ ਹੋ ਗਏ। ਸਾਰੇ ਮੀਡੀਆ ਨੇ ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਕਿ ਜਿਵੇਂ ਪੰਜਾਬ ਵਿਚ ਚੌਲ ਹੀ ਮੜ੍ਹੇ ਪੈਦਾ ਹੁੰਦੇ ਹਨ ਅਤੇ ਸਟੋਰਾਂ ਵਿਚ ਪਿਆਂ ਦੀ ਗੁਣਵੱਤਾ ਖਰਾਬ ਹੋਕੇ ਇਨਸਾਨਾਂ ਦੇ ਖਾਣ ਯੋਗ ਨਹੀਂ ਰਹੇ। ਮੈਨੂੰ ਇਤਰਾਜ਼ ਇਸ ਗੱਲ ਤੇ ਹੈ ਕੇ ਕਿਹਾ ਜਾ ਰਿਹਾ ਹੈ ਕਿ "ਪੰਜਾਬ ਵਿਚ ਪੈਦਾ ਕੀਤੇ ਚੌਲ"। ਕੀ ਪੰਜਾਬ ਦਾ ਕਿਸਾਨ ਮਾੜੇ ਚੌਲ ਪੈਦਾ ਕਰਦਾ ਹੈ ? ਰਹੀ ਗੱਲ ਨਮੂਨਿਆਂ ਦੇ ਫੇਲ੍ਹ ਹੋਣ ਦੀ ਲਓ ਥੋੜ੍ਹਾ ਇਸ ਤੇ ਵੀ ਵਿਚਾਰ ਕਰੀਏ।

ਜਿਹੜੇ ਚੌਲ ਅਰੁਨਾਚਲ ਪ੍ਰਦੇਸ਼ ਨੂੰ ਭੇਜੇ ਗਏ ਸਨ ਉਹ ਜੁਲਾਈ ਦੇ ਮਹੀਨੇ ਭੇਜੇ ਗਏ ਸਨ। ਜੋ ਐੱਫ ਸੀ ਆਈ ਦੇ ਨਿਯਮ ਹਨ ਉਹਨਾਂ ਮੁਤਾਬਕ ਜੋ ਸਟਾਕ ਚੌਲਾਂ ਦਾ ਪੰਜਾਬ ਵਿਚ ਪਿਆ ਹੈ ਉਸ ਦੀ ਹਰ ਮਹੀਨੇ ਗੁਣਵੱਤਾ ਲਈ ਪਰਖ ਕੀਤੀ ਜਾਂਦੀ ਹੈ। ਇਹਨਾਂ ਹੀ ਨਹੀਂ ਜਿਹੜੇ ਚੌਲ ਪੰਜਾਬ ਵਿੱਚੋਂ ਅਰੁਨਾਚਲ ਪ੍ਰਦੇਸ਼ ਨੂੰ ਗਏ ਉਹਨਾਂ ਨੂੰ ਪਰਖ ਵੀ ਐੱਫ ਸੀ ਆਈ ਪੰਜਾਬ ਨੇ ਕਰਕੇ ਭੇਜੀ। ਦੋ ਮਹੀਨੇ ਚੌਲ ਅਰੁਨਾਚਲ ਪ੍ਰਦੇਸ਼ ਵਿਚ ਪਏ ਰਹਿਣ ਤੋਂ ਬਅਦ ਸਤੰਬਰ ਦੇ ਮਹੀਨੇ ਸੈਂਪਲ ਭਰੇ ਗਏ ਅਤੇ ਰਿਪੋਰਟ ਅੱਧ ਅਕਤੂਬਰ ਵਿਚ ਆਈ ਜਿਹਨਾਂ ਦੀ ਗੁਣਵੱਤਾ ਕਿਵੇਂ ਅਤੇ ਕਿਹੜੇ ਸਟੋਰ ਵਿਚ ਘਟੀ ਇਸ ਦੀ ਜਾਂਚ ਤੋਂ ਬਿਨ੍ਹਾਂ ਹੀ ਪੰਜਾਬ ਦੇ ਚੌਲਾਂ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਇਹ ਰਿਪੋਰਟ ਉਦੋਂ ਲਿਆਂਦੀ ਜਦੋਂ ਪੰਜਾਬ ਵਿਚ ਝੋਨੇ ਦੀ ਖਰੀਦ ਦਾ ਰੌਲਾ ਰੱਪਾ ਸ਼ਿਖਰ ਤੇ ਪਹੁੰਚਿਆ ਸੀ। ਖਰੀਦਣ ਵਾਲਿਆਂ ਨੇ ਸੋਚਿਆ ਚੌਲਾਂ ਦੀ ਕੁਆਲਟੀ ਦਾ ਹੀ ਰੌਲਾ ਪਵਾ ਦਿਓ ਆਪੇ ਹੀ ਸਾਰੇ ਸਿੱਧੇ ਹੋ ਜਾਣਗੇ।

## ਫੋਰਟੀਫਾਈਡ ਰਾਈਸ

ਸਰਕਾਰ ਨੇ ਇਹ ਫੈਸਲਾ ਕੀਤਾ ਕਿ ਬੱਚਿਆਂ ਅਤੇ ਘੱਟ ਆਮਦਨੀ ਵਾਲੇ ਲੋਕ ਜਿਹਨਾਂ ਦੇ ਖੂਨ ਵਿਚ ਹੀਮੋਗਲੋਬਿਨ ਘੱਟ ਹੈ ਉਹਨਾਂ ਨੂੰ ਜੇ ਚੌਲਾਂ ਵਿਚ ਲੋਹਾ, ਫੋਲਿਕ ਐਸਿਡ ਅਤੇ ਵਿਟਾਮਿਨ ਬੀ$_{12}$ ਰਲਾ ਕੇ ਦੇ ਦੇਈਏ ਤਾਂ ਉਹਨਾਂ ਦੀ ਸਿਹਤ ਠੀਕ ਰਹੇਗੀ। ਫੋਰਟੀਫਾਈਡ ਰਾਈਸ ਬਣਾਉਣ ਲਈ ਪਹਿਲਾਂ ਟੋਟਾ ਚੌਲਾਂ ਨੂੰ ਪੀਸਿਆ ਜਾਂਦਾ ਹੈ। ਫਿਰ ਇਸ ਵਿਚ ਉਪਰੋਕਤ ਤਿੰਨੋਂ ਚੀਜ਼ਾਂ ਮਿਲਾ ਕੇ ਆਟੇ ਵਾਂਗੂ ਗੁੰਨ ਕੇ ਦੁਬਾਰਾ ਚੌਲਾਂ ਦੀ ਸ਼ਕਲ ਦਿੱਤੀ ਜਾਂਦੀ ਹੈ। ਇਹ ਫੋਰਟੀਫਾਈਡ ਰਾਈਸ ਬਣਾਉਣ ਦਾ ਠੇਕਾ ਕੰਪਨੀਆਂ ਨੂੰ ਦਿੱਤਾ ਜਾਂਦਾ ਹੈ। ਕੰਪਨੀਆਂ ਫੋਰਟੀਫਾਈਡ ਚੌਲ ਸ਼ੈਲਰਾਂ ਵਾਲਿਆਂ ਨੂੰ ਭੇਜਦੇ ਹਨ। ਸ਼ੈਲਰਾਂ ਵਾਲੇ ਅੱਗੇ ਜਦੋਂ ਚੌਲ ਕੱਢਦੇ ਹਨ ਤਾਂ ਇਕ ਕਿੱਲੋ ਚੌਲ ਸਾਦੇ ਚੌਲਾਂ ਵਿਚ ਮਿਲਾ ਕੇ ਬੋਰੀਆਂ ਭਰਦੇ ਹਨ।

ਜਿਵੇਂ ਹਰ ਵਿਟਾਮਿਨ ਦੀ ਮਿਆਦ ਹੁੰਦੀ ਹੈ, ਫੋਲਿਕ ਐਸਿਡ ਅਤੇ ਬੀ$_{12}$ ਦੀ ਵੀ ਮਿਆਦ ਹੈ। ਜਦੋਂ ਇਹ ਚੌਲ ਜ਼ਿਆਦਾ ਸਮਾਂ ਪਏ ਰਹਿਣਗੇ ਤਾਂ ਕੁਆਲਟੀ ਘੱਟਦੀ ਜਾਵੇਗੀ। ਰਿਪੋਰਟ ਮੁਤਾਬਕ ਪੰਜਾਬ ਵਿਚ ਇਸ ਵੇਲੇ 2022-23 ਦੇ ਵੀ ਚੌਲ ਪਏ ਹਨ। ਸ਼ਾਇਦ ਇਹੋ ਹੀ ਕਰਨਾਟਕਾ ਵਿਚ ਹੋਇਆ। ਚਾਹੀਦਾ ਦਾ ਇਹ ਹੈ ਕਿ ਫੋਰਟੀਫਿਕੇਸ਼ਨ ਝੋਨਾ ਛੜਨ ਵੇਲੇ ਦੀ ਬਜਾਏ ਸੂਬੇ ਦੀ ਲੋੜ ਅਨੁਸਾਰ ਚੋਲ ਵੰਡਣ ਵੇਲੇ ਕੀਤੀ ਜਾਵੇ ਤਾਂ ਕਿ ਫੋਰਟੀ ਫਿਕੇਸ਼ਨ ਦੀ ਗੁਣਵੱਤਾ ਠੀਕ ਰਹੇ। ਪਰ ਕਈ ਵੇਰੀ ਲਾਗਤ ਮੁੱਲ ਘਟਾਉਣ ਦੇ ਚੱਕਰ ਵਿਚ ਸਾਨੂੰ ਗੁਣਵੱਤਾ ਨਾਲ ਸਮਝੌਤਾ ਕਰਨਾ ਪੈਂਦਾ ਹੈ।

## ਨਿਚੋੜ

ਕਿਸਾਨੀ ਮੁੱਢਲੀ ਆਮਦਨ ਦਾ ਸਰੋਤ ਹੈ ਜਿਸ ਉੱਪਰ ਉਦਯੋਗ ਅਤੇ ਸਰਵਿਸ ਖੇਤਰ ਨਿਰਭਰ ਕਰਦਾ ਹੈ। ਸਮੇਂ ਦੇ ਹਾਕਮਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇ ਕਿਸਾਨੀ ਡੁੱਬਦੀ ਹੈ ਤਾਂ ਬਾਕੀ ਦੋਵੇਂ ਖੇਤਰ ਡੁੱਬਣੇ ਸ਼ਰਤੀਆ ਹਨ। ਜਿਸ ਨਾਲ ਅਸ਼ਾਂਤੀ ਫੈਲਣੀ ਲਾਜ਼ਮੀ ਹੈ।



# ਕਣਕ ਦੀ ਫਸਲ ਵਿਚ ਤਣਾਅ ਦੇ ਕਾਰਨ ਅਤੇ ਸੁਧਾਰ

ਜਏਸ਼ ਸਿੰਘ, ਸੁਰਜੀਤ ਸਿੰਘ ਮਨਹਾਸ ਅਤੇ ਅਮਨਪ੍ਰੀਤ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ ਏ ਯੂ, ਲੁਧਿਆਣਾ। (ਮੋ. 98767-37802)

ਪੰਜਾਬ, ਹਰਿਆਣਾ ਅਤੇ ਉੱਤਰ ਭਾਰਤ ਦੇ ਹੋਰ ਖੇਤਰਾਂ ਵਿਚ ਕਣਕ ਦੀ ਫਸਲ ਮੁੱਖ ਭੋਜਨ ਅਨਾਜਾਂ ਵਿਚੋਂ ਇੱਕ ਹੈ। ਪਿਛਲੇ ਕੁਝ ਕੁ ਸਾਲਾਂ ਤੋਂ ਕਣਕ ਦੇ ਵਾਧੇ ਵਿਚ ਤਣਾਅ ਜਾਂ ਰੁਕਾਵਟ ਵੇਖਣ ਵਿਚ ਆਈ ਹੈ। ਇਹ ਤਣਾਅ ਮਿੱਟੀ ਦੀ ਗੁਣਵੱਤਾ ਦੇ ਪੱਧਰ ਵਿਚ ਗਿਰਾਵਟ ਕਾਰਣ ਪਾਣੀ ਦੀ ਔੜ ਜਾਂ ਬਹੁਤਾਤ ਕਾਰਨ, ਕੀੜੇ ਜਾਂ ਬਿਮਾਰੀ ਦੇ ਹਮਲੇ ਕਾਰਣ ਜਾਂ ਮੌਸਮ ਦੇ ਤਾਪਮਾਨ ਜਾਂ ਨਮੀ ਵਿਚ ਤਬਦੀਲੀਆਂ ਕਾਰਨ ਹੋ ਰਹੇ ਹਨ। ਇਸ ਲੇਖ ਵਿਚ ਮੌਸਮ ਅਤੇ ਪਾਣੀ ਸਬੰਧੀ ਪੈਦਾ ਹੋਏ ਤਣਾਅ ਅਤੇ ਉਸਦੇ ਸੁਧਾਰ ਸਬੰਧੀ ਚਾਨਣਾ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

## ਪਾਣੀ ਦੀ ਔੜ ਜਾਂ ਬਹੁਤਾਤ ਕਾਰਨ ਉਤਪੰਨ ਤਣਾਅ ਅਤੇ ਉਸਦਾ ਸੁਧਾਰ

ਲੋੜ ਨਾਲੋ ਵੱਧ ਜਾਂ ਘੱਟ ਪਾਣੀ, ਕਣਕ ਦੀ ਫਸਲ ਵਿਚ ਤਣਾਅ ਪੈਦਾ ਕਰਦਾ ਹੈ। ਕਣਕ ਦੀ ਫਸਲ ਵਿਚ ਜੰਮਣ ਤੋਂ ਲੈ ਕੇ ਵਾਢੀ ਤੱਕ ਕੁਝ ਨਾਜ਼ੁਕ ਪੜਾਅ ਆਉਂਦੇ ਹਨ ਜਿੱਥੇ ਜੇਕਰ ਪਾਣੀ ਆ ਜਾਵੇ ਤਾਂ ਝਾੜ ਦੇ ਵਿਚ ਵੱਡਾ ਨੁਕਸਾਨ ਝੱਲਣਾ ਪੈਂਦਾ ਹੈ। ਅਕਤੂਬਰ ਤੋਂ ਅੱਧ ਨਵੰਬਰ ਤੱਕ ਬੀਜੀ ਕਣਕ ਦੀ ਫਸਲ ਵਿਚ 3 ਹਫਤਿਆਂ ਬਾਅਦ ਅਤੇ ਅੱਧ ਨਵੰਬਰ ਬਾਅਦ ਬਾਅਦ ਬੀਜੀ ਫਸਲ ਵਿਚ 4 ਹਫਤਿਆਂ ਬਾਅਦ ਮੁਕਟ ਜੜ੍ਹ (ਕਰਾਉਨ ਜੜ੍ਹ) ਨਿਕਲਣ ਦਾ ਸਮਾਂ ਹੁੰਦਾ ਹੈ। ਇਸ ਦੌਰਾਨ ਕਣਕ ਦੀ ਸਿੰਚਾਈ ਕਰਨੀ ਬਹੁਤ ਹੀ ਜ਼ਰੂਰੀ ਹੁੰਦੀ ਹੈ। ਇਸੇ ਤਰ੍ਹਾਂ ਬੂਰ ਅਤੇ ਦਾਣੇ ਪੈਣ ਸਮੇਂ ਵੀ ਫਸਲ ਨੂੰ ਪਾਣੀ ਦੀ ਘਾਟ ਨਹੀਂ ਆਉਣੀ ਚਾਹੀਦੀ ਨਹੀਂ ਤਾਂ ਝਾੜ ਬਹੁਤ ਘੱਟ ਜਾਂਦਾ ਹੈ। ਜੇਕਰ ਲਗਾਤਾਰ ਬਾਰਸ਼ਾਂ ਕਾਰਨ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿਚ ਕਣਕ ਦੀ ਖੜ੍ਹੀ ਫਸਲ ਵਿਚ ਪਾਣੀ ਦਾ ਨਿਕਾਸ ਨਾ ਕਰਕੇ ਤਣਾਅ ਆ ਜਾਂਦਾ ਹੈ ਜਿਸ ਕਰਕੇ ਫਸਲ ਪੀਲੀ ਭਾਅ ਮਾਰਨ ਲੱਗ ਪੈਂਦੀ ਹੈ। ਇਸਦੇ ਸੁਧਾਰ ਲਈ ਜਿੰਨੀ ਛੇਤੀ ਹੋ ਸਕੇ ਖੜ੍ਹੇ ਪਾਣੀ ਨੂੰ ਖੇਤ ਵਿੱਚੋਂ ਕੱਢ ਦੇਣਾ ਚਾਹੀਦਾ ਹੈ। ਜੇ ਅਜਿਹੇ ਹਾਲਾਤ ਦੂਸਰੀ ਸਿੰਚਾਈ ਦੇ ਨੇੜੇ ਪੈਦਾ ਹੁੰਦੇ ਹਨ ਤਾਂ 7.5 ਪ੍ਰਤੀਸ਼ਤ ਯੂਰੀਏ (15 ਕਿਲੋ ਯੂਰੀਏ ਦਾ 200 ਲੀਟਰ ਪਾਣੀ ਵਿਚ) ਦੇ ਘੋਲ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। ਪਾਣੀ ਦੀ ਸੁਚੱਜੀ ਵਰਤੋਂ ਲਈ ਭਾਰੀਆਂ ਜ਼ਮੀਨਾਂ ਵਿਚ 8 ਕਿਆਰੇ (ਕਨਾਲ ਕਨਾਲ ਦੇ) ਅਤੇ ਰੇਤਲੀਆਂ ਜ਼ਮੀਨਾਂ ਵਿਚ 16 ਕਿਆਰੇ (ਅੱਧੇ ਅੱਧੇ ਕਨਾਲ ਦੇ) ਪ੍ਰਤੀ ਏਕੜ ਦੇ ਹਿਸਾਬ ਨਾਲ ਬਣਾਉਣੇ ਚਾਹੀਦੇ ਹਨ ਅਤੇ ਫਸਲ ਨੂੰ ਪਹਿਲਾ ਪਾਣੀ ਹਮੇਸ਼ਾ ਹਲਕਾ ਦਿਓ।

ਜੇਕਰ ਕਿਸਾਨ ਵੀਰ ਹੇਠਾਂ ਦਿੱਤੀ ਸਾਰਣੀ-1 ਵਿਚ ਕਣਕ ਦੀ ਬਿਜਾਈ ਦੇ ਸਮੇਂ ਅਨੁਸਾਰ ਸਿੰਚਾਈ ਕਰਨ ਤਾਂ ਕਣਕ ਦੇ ਨਾਜ਼ੁਕ ਪੜਾਵਾਂ ਤੇ ਨਮੀਂ ਬਣੀ ਰਹਿੰਦੀ ਹੈ।

ਸਾਰਣੀ-1 : ਕਣਕ ਦੀ ਬਿਜਾਈ ਦੇ ਸਮੇਂ ਅਨੁਸਾਰ ਸਿੰਚਾਈ

| ਬਿਜਾਈ ਦੀ ਤਾਰੀਕ | ਸਿੰਚਾਈ 7.5 ਸੈਂਟੀਮੀਟਰ<br>ਪਿਛਲੀ ਸਿੰਚਾਈ ਤੋਂ ਬਾਅਦ ਹਫਤੇ | | |
|---|---|---|---|
| | ਦੂਜਾ ਪਾਣੀ | ਤੀਜਾ ਪਾਣੀ | ਚੌਥਾ ਪਾਣੀ |
| 21 ਨਵੰਬਰ ਤੱਕ | 5-6 | 5-6 | 4 |
| 22 ਨਵੰਬਰ ਤੋਂ 20 ਦਸੰਬਰ | 5-6 | 3-4 | 2 |
| 21 ਦਸੰਬਰ ਤੋਂ 15 ਜਨਵਰੀ | 4 | 3 | 2 |

★ ਕਈ ਇਲਾਕਿਆਂ ਵਿਚ ਧਰਤੀ ਹੇਠਲੇ ਪਾਣੀ ਦੀ ਗੁਣਵੱਤਾ ਸਿੰਚਾਈ ਯੋਗ ਨਹੀਂ ਹੁੰਦੀ ਜਿਸ ਕਰਕੇ ਕਣਕ ਦੀ ਫਸਲ ਦੀ ਅਜਿਹੇ ਪਾਣੀ ਨਾਲ ਸਿੰਚਾਈ ਕਰਨ ਨਾਲ ਫਸਲ ਦੇ ਵਾਧੇ ਤੇ ਅਸਰ ਪੈਂਦਾ ਹੈ ਅਤੇ ਪੀਲੇਪਨ ਦੀ ਸਮੱਸਿਆ ਵੀ ਆ ਸਕਦੀ ਹੈ। ਸੋ ਅਜਿਹੇ ਹਾਲਾਤਾਂ ਵਿਚ ਟਿਊਬਵੈੱਲ ਦੇ ਪਾਣੀ ਦੀ ਪਰਖ ਕਰਵਾਉਣੀ ਚਾਹੀਦੀ ਹੈ ਅਤੇ ਸਿਫਾਰਸ਼ ਅਨੁਸਾਰ ਜਿਪਸਮ ਪਾਉਣੀ ਚਾਹੀਦੀ ਹੈ। ਮਾੜੇ ਪਾਣੀ ਨੂੰ ਚੰਗੇ ਪਾਣੀ (ਨਹਿਰੀ ਪਾਣੀ) ਨਾਲ ਰਲਾ ਕੇ ਜਾਂ ਅਦਲ ਬਦਲ ਕੇ ਸਿੰਚਾਈ ਲਈ ਵਰਤਿਆ ਜਾਣਾ ਚਾਹੀਦਾ ਹੈ।

★ ਜਿਹਨਾਂ ਖੇਤਾਂ ਵਿਚ ਪਰਾਲੀ ਪਈ ਹੁੰਦੀ ਹੈ, ਉਹਨਾਂ ਖੇਤਾਂ ਦੀ ਸਿੰਚਾਈ ਦਿਨ ਵੇਲੇ ਕਰਨੀ ਚਾਹੀਦੀ ਹੈ ਤਾਂ ਜੋ ਪਤਾ ਲੱਗ ਸਕੇ ਕਿ ਖੇਤ ਨੂੰ ਇਕ ਸਾਰ ਪਾਣੀ ਲੱਗ ਗਿਆ ਹੈ।

★ ਖੇਤਾਂ ਨੂੰ ਸਮੇਂ ਸਮੇਂ ਤੇ ਲੇਜ਼ਰ ਕਰਾਹਾ ਲਵਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਖੇਤਾਂ ਵਿਚ ਟੋਏ ਟਿੱਬੇ ਪੱਧਰ ਹੋ ਜਾਣ ਤੇ ਸਿੰਚਾਈ ਵੇਲੇ ਇਕਸਾਰ ਪਾਣੀ ਲੱਗ ਸਕੇ।



★ ਪਾਣੀ ਦੇ ਖੜ੍ਹੇ ਹੋਣ ਦੀ ਸਮੱਸਿਆ ਉਹਨਾਂ ਖੇਤਾਂ ਵਿਚ ਜ਼ਿਆਦਾ ਆਉਂਦੀ ਹੈ ਜਿੱਥੇ ਪਾਣੀ ਜਲਦੀ ਨਹੀਂ ਜ਼ੀਰਦਾ। ਪਾਣੀ ਦੀ ਜ਼ੀਰਨ ਦੀ ਸਮਰੱਥਾ ਵਧਾਉਣ ਲਈ ਖੇਤਾਂ ਵਿਚ ਸਮੇਂ ਸਮੇਂ ਤੇ ਹਰੀ ਖਾਦ (ਢੈਂਚਾ ਜਾਂ ਸਣ) ਬੀਜ ਕੇ 6 ਤੋਂ 8 ਹਫਤਿਆਂ ਤੇ ਖੇਤ ਵਿਚ ਵਾਹ ਦੇਣਾ ਚਾਹੀਦਾ ਹੈ ਜਾਂ ਪਰਾਲੀ ਨੂੰ ਖੇਤ ਵਿਚ ਹੀ ਰੱਖਕੇ ਬਿਜਾਈ ਕਰਨੀ ਚਾਹੀਦੀ ਹੈ।

★ ਕਈ ਖੇਤਾਂ ਵਿਚ ਝੋਨਾ ਕਣਕ ਫਸਲੀ ਚੱਕਰ ਲਗਾਤਾਰ ਸਾਲ ਦਰ ਸਾਲ ਬੀਜਣ ਨਾਲ ਜ਼ਮੀਨ ਦੀ ਉੱਪਰਲੀ ਸਤਹਿ ਹੇਠਾਂ ਇਕ ਸਖਤ ਪਰਤ ਬਣ ਜਾਂਦੀ ਹੈ ਅਤੇ ਪਾਣੀ ਨੂੰ ਛੇਤੀ ਜ਼ੀਰਨ ਨਹੀਂ ਦਿੰਦੀ ਅਤੇ ਕਣਕ ਦੀ ਫਸਲ ਤਣਾਅ ਵਿਚ ਨਜ਼ਰ ਆਉਂਦੀ ਹੈ। ਇਹਨਾਂ ਖੇਤਾਂ ਵਿਚ ਫਾਲੇ ਵਾਲੇ ਡੂੰਘਾ ਹਲ ਸਖਤ ਪਰਤ ਤੋੜਣ ਵਿਚ ਸਹਾਈ ਹੁੰਦਾ ਹੈ। ਇਹ ਕਾਰਗੁਜ਼ਾਰੀ ਹਰ ਤਿੰਨ ਚਾਰ ਸਾਲਾਂ ਮਗਰੋਂ ਕਰ ਲੈਣੀ ਚਾਹੀਦੀ ਹੈ।

★ ਸਤ੍ਹਾ ਉਪਰ ਪਰਾਲੀ ਦੀ ਮੋਟੀ ਤਹਿ ਪਾਣੀ ਦੇ ਵਾਸ਼ਪੀਕਰਨ ਨੂੰ ਰੋਕਦੀ ਹੈ ਅਤੇ ਇਸਨੂੰ ਮਿੱਟੀ ਵਿਚ ਸੰਭਾਲ ਕੇ ਜ਼ਿਆਦਾ ਸਮੇਂ ਤੱਕ ਸਿੱਲ੍ਹ ਬਣਾਈ ਰੱਖਦੀ ਹੈ।

## ਮੌਸਮ ਵਿਚ ਵੱਧਦੇ ਘਟਦੇ ਤਾਪਮਾਨ ਕਰਕੇ ਤਣਾਅ ਅਤੇ ਉਸਦਾ ਸੁਧਾਰ

★ ਕਣਕ ਸਰਦ ਰੁੱਤ ਦੀ ਇਕ ਮੁੱਖ ਫਸਲ ਹੈ। ਕਣਕ ਦੀ ਪੈਦਾਵਾਰ ਲਈ ਮੌਸਮ ਉਦੋਂ ਅਨੁਕੂਲ ਮੰਨਿਆ ਜਾਂਦਾ ਹੈ ਜੇਕਰ ਫਸਲ ਦੇ ਵਾਧੇ ਸਮੇਂ ਵੱਧ ਤੋਂ ਵੱਧ ਤਾਪਮਾਨ 15 ਤੋਂ 22 ਡਿਗਰੀ ਸੈਂਟੀਗ੍ਰੇਡ ਅਤੇ ਦਾਣੇ ਭਰਨ ਦੌਰਾਨ 21 ਤੋਂ 28 ਡਿਗਰੀ ਸੈਂਟੀਗ੍ਰੇਡ ਰਹੇ। ਇਸੇ ਤਰ੍ਹਾਂ ਫਸਲ ਦੇ ਵਾਧੇ ਸਮੇਂ ਘਟ ਤੋਂ ਘੱਟ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

# KHETI DUNIYAN

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 48**
**ਮਿਤੀ 30-11-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ । ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਆਲਮੀ ਭੁੱਖਮਰੀ ਤੇ ਗਰੀਬੀ ਸੂਚਕ ਅੰਕ ਅਨੁਸਾਰ ਦੇਸ਼ 'ਚ ਸਥਿਤੀ ਗੰਭੀਰ

ਪਿਛਲੇ ਦਿਨੀਂ ਜਾਰੀ ਆਲਮੀ ਭੁੱਖਮਰੀ ਸੂਚਕ ਅੰਕ 2024 ਤੇ ਸੰਯੁਕਤ ਰਾਸ਼ਟਰ ਦੇ ਬਹੁਪਾਸਾਰੀ ਗਰੀਬੀ ਸੂਚਕ ਅੰਕ 2024 ਦੇ ਮੱਦੇਨਜ਼ਰ ਨਰਿੰਦਰ ਮੋਦੀ ਸਰਕਾਰ ਨੂੰ ਦੇਸ਼ 'ਚ ਭੁੱਖਮਰੀ ਤੇ ਗਰੀਬੀ ਦੇ ਗੰਭੀਰ ਪੱਧਰਾਂ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ । ਸਰਕਾਰ ਦੇਸ਼ 'ਚ ਵਿਕਾਸ ਦੀ ਪ੍ਰਕਿਰਤੀ ਬਾਰੇ ਗੱਲ ਕੀਤੇ ਬਗੈਰ ਇਸ ਦੀ ਜੀ. ਡੀ. ਪੀ. 'ਚ ਹੋ ਰਹੇ ਵਧੇ ਦਾ ਰੌਲਾ ਪਾਉਣਾ ਛੱਡ ਕੇ ਉਨ੍ਹਾਂ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਨਾ ਕਰੇ, ਕਿਉਂਕਿ ਦੇਸ਼ 'ਚ ਜਿਸ ਤਰ੍ਹਾਂ ਵਿਕਾਸ ਹੋ ਰਿਹਾ ਹੈ, ਉਸ ਨਾਲ ਨਾਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ ।

ਆਲਮੀ ਭੁੱਖਮਰੀ ਸੂਚਕ ਅੰਕ 2024 ਨੇ 100 ਦੇ ਪੈਮਾਨੇ 'ਤੇ ਭਾਰਤ ਨੂੰ ਕੇਵਲ 27.3 ਸਕੋਰ ਨਾਲ ਗੰਭੀਰ ਭੁੱਖਮਰੀ ਪੱਧਰ ਦੀ ਸ਼੍ਰੇਣੀ 'ਚ ਰੱਖਿਆ ਹੈ, ਜਦਕਿ ਸੰਯੁਕਤ ਰਾਸ਼ਟਰ ਦੇ ਆਲਮੀ ਬਹੁਪਾਸਾਰੀ ਗਰੀਬੀ ਸੂਚਕ ਅੰਕ 2024 ਅਨੁਸਾਰ ਭਾਰਤ 'ਚ ਦੁਨੀਆ ਦੇ ਕਿਸੇ ਵੀ ਦੇਸ਼ ਦੇ ਮੁਕਾਬਲੇ ਸਭ ਤੋਂ ਜ਼ਿਆਦਾ 23.4



ਕਰੋੜ ਲੋਕ ਗਰੀਬੀ 'ਚ ਜੀਅ ਰਹੇ ਹਨ । ਇਹ ਸਭ ਅਨੁਮਾਨ 2011-12 'ਚ ਕੀਤੀ ਗਈ ਗਰੀਬੀ ਦੀ ਗਣਨਾ ਤੋਂ ਇਲਾਵਾ ਕੁਝ ਹੋਰ ਅੰਕੜਿਆਂ 'ਤੇ ਅਧਾਰਿਤ ਹਨ । ਭਾਰਤ ਨੂੰ ਭੁੱਖਮਰੀ ਤੇ ਗਰੀਬੀ ਦੀ ਤਾਜ਼ਾ ਅਸਲ ਸਥਿਤੀ ਜਾਨਣ ਲਈ ਨਵੇਂ ਸਿਰਿਉਂ ਜਨਗਣਨਾ ਕਰਵਾਉਣੀ ਚਾਹੀਦੀ ਹੈ ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੜ੍ਹਤ (ਵਿਕਾਸ) ਦੀ ਕਹਾਣੀ ਮੁੱਖ ਤੌਰ 'ਤੇ ਦੇਸ਼ 'ਚ ਜੀ.ਡੀ.ਪੀ. ਦੀ ਵਾਧਾ ਦਰ 'ਤੇ ਨਿਰਭਰ ਕਰਦੀ ਹੈ, ਜੋ ਜ਼ਮੀਨੀ ਪੱਧਰ ਦੀ ਨਾਬਰਾਬਰੀ, ਭੁੱਖਮਰੀ ਤੇ ਗਰੀਬੀ ਨੂੰ ਪੂਰੀ ਤਰ੍ਹਾਂ ਨਾਲ ਨਜ਼ਰਅੰਦਾਜ਼ ਕਰ ਦਿੰਦੀ ਹੈ । ਇਸ ਤੋਂ ਇਲਾਵਾ ਵੱਡੀ ਗਿਣਤੀ 'ਚ ਅਰਥ ਸ਼ਾਸਤਰੀਆਂ ਦਾ ਲੰਬੇ ਸਮੇਂ ਤੋਂ ਮੰਨਣਾ ਹੈ ਕਿ ਭਾਰਤ ਦੇ ਅਧਿਕਾਰਤ ਜੀ.ਡੀ.ਪੀ. ਦੇ ਅੰਕੜੇ ਵਿਕਾਸ ਦਰ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ । ਹਾਲ ਹੀ 'ਚ 2023 ਦੇ ਜੀ-20 ਸਿਖਰ ਸੰਮੇਲਨ ਦੌਰਾਨ ਭਾਰਤੀ ਰਾਸ਼ਟਰੀ ਅੰਕੜਾ ਵਿਗਿਆਨ ਦਫਤਰ ਵਲੋਂ ਵਿਕਾਸ ਬਾਰੇ ਜਾਰੀ ਕੀਤੇ ਗਏ ਕੁਝ ਅੰਕੜਿਆਂ ਦੇ ਬੇਸ਼ਰਮੀ ਨਾਲ ਬਹੁਤ ਜ਼ਿਆਦਾ ਅੰਦਾਜ਼ੇ ਲਗਾਉਣ 'ਤੇ ਕਈ ਅਰਥ ਸ਼ਾਸਤਰੀਆਂ ਨੇ

**ਡਾ. ਗਿਆਨ ਪਾਠਕ**

ਆਲੋਚਨਾ ਕੀਤੀ ਹੈ । ਸਭ ਚੰਗੀ ਤਰ੍ਹਾਂ ਜਾਣਦੇ ਹਨ ਕਿ ਅੰਕੜਿਆਂ ਨੂੰ ਦਬਾਉਣ ਲਈ ਪਏ ਦਬਾਅ ਕਾਰਨ 2019 'ਚ ਕੁੱਝ ਉੱਚ ਅਧਿਕਾਰੀਆਂ ਨੂੰ ਅਸਤੀਫੇ ਦੇਣੇ ਪਏ ਸਨ, ਕਿਉਂਕਿ ਉਨ੍ਹਾਂ ਬੇਰੁਜ਼ਗਾਰੀ ਦੇ ਅਸਲ ਪੱਧਰ (ਸਥਿਤੀ) ਨੂੰ ਲੀਕ ਕਰ ਦਿੱਤਾ ਸੀ, ਜੋ 45 ਸਾਲਾਂ 'ਚ ਸਭ ਤੋਂ ਵੱਧ ਸੀ ।

ਇਥੋਂ ਤੱਕ ਕਿ 2023 'ਚ ਕੁਪੋਸ਼ਣ ਤੇ ਅਨੀਮੀਆ ਨਾਲ ਜੁੜੇ ਇਕ ਸਰਵੇਖਣ ਦੇ ਨਿਰਦੇਸ਼ਕ ਨੂੰ ਦੇਸ਼ 'ਚ ਇਨ੍ਹਾਂ ਦੀ ਉੱਚ-ਪੱਧਰੀ ਸਥਿਤੀ ਨੂੰ ਉਜਾਗਰ ਕੀਤੇ ਜਾਣ ਦੇ ਕਾਰਨ ਆਪਣੀ ਨੌਕਰੀ ਤੋਂ ਹੱਥ ਧੋਣਾ ਪਿਆ । ਜ਼ਿਕਰਯੋਗ ਹੈ ਕਿ ਕੁਪੋਸ਼ਣ ਤੇ ਅਨੀਮੀਆ ਦੇ ਅੰਕੜਿਆਂ ਦਾ ਉਪਯੋਗ ਭੁੱਖਮਰੀ ਤੇ ਗਰੀਬੀ ਦਾ ਅਨੁਮਾਨ ਲਗਾਉਣ ਲਈ ਕੁਝ ਆਧਾਰਾਂ ਦੇ ਰੂਪ 'ਚ ਕੀਤਾ ਜਾਂਦਾ ਹੈ । ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਕਿਵੇਂ ਮੋਦੀ ਸਰਕਾਰ ਨੇ 2018 ਦੇ ਇਕ ਸਰਵੇਖਣ ਨੂੰ ਰੱਦ ਕਰ ਦਿੱਤਾ ਸੀ, ਜਿਸ ਦੇ ਲੀਕ ਹੋਏ ਅੰਕੜਿਆਂ 'ਚ ਗਰੀਬੀ ਦਰ ਦੇ ਵਧਦੇ ਪੱਧਰ ਨੂੰ ਦਰਸਾਇਆ ਗਿਆ ਸੀ । 2012 ਦੇ ਪਿਛਲੇ ਵਿਆਪਕ ਖਪਤ-ਖਰਚ ਸਰਵੇਖਣ 'ਚ ਦੱਸਿਆ ਗਿਆ ਸੀ ਕਿ 22 ਫੀਸਦੀ ਲੋਕ ਗਰੀਬੀ 'ਚ ਰਹਿ ਰਹੇ ਹਨ । ਹੋਰ ਵੇਰਵਿਆਂ 'ਚ ਜਾਣ ਤੋਂ ਪਹਿਲਾਂ ਕੁਝ ਹੋਰ ਗੱਲਾਂ ਵੀ ਧਿਆਨ ਰੱਖਣ ਯੋਗ ਹਨ । ਭਾਰਤ ਨੇ 1993-94 ਤੱਕ ਗਰੀਬੀ ਦੇ ਅਨੁਮਾਨ ਲਗਾਉਣ ਲਈ ਯੂਨੀਫਾਰਮ ਰਿਸੋਰਸ ਪੀਰੀਅਡ (ਯੂ. ਆਰ. ਪੀ.) ਦੀ ਵਰਤੋਂ ਕੀਤੀ ਸੀ, ਜਿਸ ਤਹਿਤ ਲੋਕਾਂ ਤੋਂ ਉਨ੍ਹਾਂ ਵਲੋਂ ਪਿਛਲੇ 30 ਦਿਨਾਂ 'ਚ ਕੀਤੇ ਖਰਚ ਬਾਰੇ ਪੁੱਛਿਆ ਜਾਂਦਾ ਸੀ । ਫਿਰ 1999-2000 ਬਾਅਦ ਤੋਂ ਮਿਸ਼ਰਤ ਸੰਦਰਭ ਪੀਰੀਅਡ (ਐਮ.ਆਰ.ਪੀ) ਨੂੰ ਅਪਣਾਇਆ ਗਿਆ, ਜਿਸ ਤਹਿਤ ਪਿਛਲੇ ਸਾਲ ਦੌਰਾਨ 5 ਘੱਟ ਬਾਰਬਾਰਤਾ ਵਾਲੀਆਂ ਵਸਤੂਆਂ (ਕੱਪੜੇ, ਜੁੱਤੇ, ਟਿਕਾਊ ਸਮਾਨ, ਸਿੱਖਿਆ ਤੇ ਸੰਸਥਾਗਤ ਸਿਹਤ) 'ਤੇ ਕੀਤੇ ਖਰਚੇ ਬਾਰੇ ਪੁੱਛਿਆ ਜਾਂਦਾ ਹੈ ਤੇ ਇਸ ਦੇ ਨਾਲ ਹੀ ਪਿਛਲੇ 30 ਦਿਨਾਂ ਦੀ ਮਿਆਦ ਦੌਰਾਨ ਚੀਜ਼ਾਂ ਦੀ ਹੋਈ ਖਪਤ ਬਾਰੇ ਜਾਣਕਾਰੀ



ਲਈ ਜਾਂਦੀ ਹੈ । 2011-12 'ਚ ਗਰੀਬੀ ਦਾ ਅਨੁਮਾਨ ਲਗਾਉਣ ਲਈ ਐਮ.ਆਰ.ਪੀ ਦੀ ਹੀ ਵਰਤੋਂ ਕੀਤੀ ਗਈ ਸੀ । ਹਾਲਾਂਕਿ ਹੁਣ ਸਾਡੇ ਕੋਲ ਸੋਧਿਆ ਹੋਇਆ ਐਮ.ਐਮ.ਆਰ.ਪੀ. ਹੈ ਅਤੇ ਇਸ ਦੀ ਵਰਤੋਂ ਸਰਕਾਰ ਦੁਆਰਾ ਭਵਿੱਖ 'ਚ ਕੀਤੇ ਜਾਣ ਵਾਲੇ ਸਰਵੇਖਣਾਂ ਦੌਰਾਨ ਕੀਤੀ ਜਾਵੇਗੀ ।

ਹੁਣ ਵਰਤਮਾਨ ਦੇ ਤਾਜ਼ਾ ਅੰਕੜਿਆਂ ਦੀ ਅਣਹੋਂਦ ਦੌਰਾਨ ਭਾਰਤ 'ਚ ਭੁੱਖਮਰੀ ਤੇ ਗਰੀਬੀ ਨਾਲ ਸੰਬੰਧਿਤ ਸਭ ਅਨੁਮਾਨ ਇੰਟਰ-ਸੈਕਟੋਰਲ ਡੈਟਾ 'ਤੇ ਆਧਾਰਿਤ ਹਨ । ਆਲਮੀ ਭੁੱਖਮਰੀ ਸੂਚਕ ਅੰਕ 2024 ਵਲੋਂ ਭਾਰਤ ਨੂੰ ਦੁਨੀਆਂ ਦੇ 127 ਦੇਸ਼ਾਂ 'ਚੋਂ 105ਵਾਂ ਸਥਾਨ ਦਿੱਤਾ ਗਿਆ ਹੈ । ਭਾਰਤ ਦਾ ਗਰਾਸ ਹੰਗਰ ਇੰਡੈਕਸ (ਜੀ. ਐਚ. ਆਈ.) ਸਕੋਰ 27.3 ਇਨ੍ਹਾਂ ਮੁੱਲਾਂ 'ਤੇ ਆਧਾਰਿਤ ਹੈ-ਦੇਸ਼ ਦੀ 13.7 ਫੀਸਦੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ, ਜਿਨ੍ਹਾਂ 'ਚ 5 ਸਾਲ ਤੋਂ ਘੱਟ ਉਮਰ ਦੇ 35.5 ਫੀਸਦੀ ਬੱਚੇ ਅਵਿਕਸਿਤ ਹਨ ਤੇ ਇਨ੍ਹਾਂ ਬੱਚਿਆਂ 'ਚੋਂ 18.7 ਫੀਸਦੀ ਬਹੁਤ ਕਮਜ਼ੋਰ ਹਨ ਤੇ 2.9 ਫੀਸਦੀ ਬੱਚੇ ਆਪਣੇ 5ਵੇਂ ਜਨਮ ਦਿਨ ਤੋਂ ਪਹਿਲਾਂ ਹੀ ਮਰ ਜਾਂਦੇ ਹਨ ।

ਅਜੇ ਕੁਝ ਹੀ ਦਿਨ ਪਹਿਲਾਂ ਵਿਸ਼ਵ ਬੈਂਕ ਨੇ ਵੀ ਗਰੀਬੀ ਦਾ ਅਨੁਮਾਨ ਜਾਰੀ ਕੀਤਾ ਹੈ, ਜਿਸ ਦੇ ਅਨੁਸਾਰ 2024 'ਚ ਭਾਰਤ 'ਚ ਅਤਿਅੰਤ ਗਰੀਬ ਲੋਕਾਂ ਦੀ ਗਿਣਤੀ 12.9 ਕਰੋੜ ਹੈ । ਜੋ ਰੋਜ਼ਾਨਾ 2.15 ਡਾਲਰ (ਲਗਭਗ 181 ਰੁਪਏ) ਤੋਂ ਵੀ ਘੱਟ ਨਾਲ ਗੁਜ਼ਾਰਾ ਕਰਦੇ ਹਨ । ਹਾਲਾਂਕਿ ਰੋਜ਼ਾਨਾ 6.85 ਡਾਲਰ (ਲਗਭਗ 576 ਰੁਪਏ) ਦੇ ਉੱਚ ਗਰੀਬੀ ਮਾਪਦੰਡ ਦੇ ਨਾਲ 1990 ਦੀ ਤੁਲਨਾ 'ਚ 2024 'ਚ ਵਧੇਰੇ ਭਾਰਤੀ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਜੋ ਮੁੱਖ ਤੌਰ 'ਤੇ 'ਜਨਸੰਖਿਆ ਵਾਧੇ' ਦੇ ਕਾਰਨ ਹੈ ।

ਇਥੇ ਦੋ ਹੋਰ ਗੱਲਾਂ ਧਿਆਨ 'ਚ ਰੱਖਣੀਆਂ ਚਾਹੀਦੀਆਂ ਹਨ- ਸੰਪੂਰਨ ਗਰੀਬੀ ਤੇ ਸਾਪੇਖਿਕ (ਸੰਬੰਧਿਤ) ਗਰੀਬੀ । ਸੰਪੂਰਨ ਗਰੀਬੀ ਤੋਂ ਭਾਵ ਅਜਿਹੀ ਗਰੀਬੀ ਹੈ, ਜਦੋਂ ਕਿਸੇ ਵਿਅਕਤੀ ਕੋਲ ਗੁਜ਼ਾਰਾ ਕਰਨ ਵਾਸਤੇ ਭੋਜਨ ਖਰੀਦਣ ਲਈ ਵੀ ਕੋਈ ਆਮਦਨ ਨਾ ਹੋਵੇ, ਜਦਕਿ ਸਾਪੇਖਿਕ ਗਰੀਬੀ ਉਹ ਗਰੀਬੀ ਹੈ, ਜਦੋਂ ਕਿਸੇ ਵਿਅਕਤੀ ਕੋਲ ਕਿਸੇ ਖਾਸ ਬਾਜ਼ਾਰ ਦੀ ਸਥਿਤੀ 'ਚ ਗੁਜ਼ਾਰਾ ਕਰਨ ਲਈ ਲੋੜੀਂਦੀਆਂ ਚੀਜ਼ਾਂ ਖਰੀਦਣ ਵਾਸਤੇ ਲੋੜੀਂਦੀ ਆਮਦਨ ਨਾ ਹੋਵੇ । ਹਾਲਾਂਕਿ ਜੇਕਰ ਅਸੀਂ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ (ਪੀ.ਐਮ.-ਜੀ.ਕੇ.ਏ.ਵਾਈ.) ਦੀ ਗੱਲ ਕਰੀਏ ਤਾਂ ਭਾਰਤ 'ਚ 81 ਕਰੋੜ ਤੋਂ ਵੱਧ ਲੋਕ ਗਰੀਬੀ 'ਚ ਰਹਿ ਰਹੇ ਹਨ, ਜਿਨ੍ਹਾਂ ਨੂੰ ਮੁਫਤ ਅਨਾਜ ਦਿੱਤਾ ਜਾ ਰਿਹਾ ਹੈ । ਕੇਂਦਰ ਦਾ ਫੈਸਲਾ ਹੈ ਕਿ ਇਹ ਸਕੀਮ 2029 ਤੱਕ ਜਾਰੀ ਰਹੇਗੀ ।

ਵੱਖ-ਵੱਖ ਰਾਸ਼ਟਰੀ ਤੇ ਅੰਤਰਰਾਸ਼ਟਰੀ ਅਨੁਮਾਨਾਂ ਅਨੁਸਾਰ 2024 'ਚ ਭਾਰਤ ਦੀ ਵਿਕਾਸ ਦਰ 7 ਤੋਂ 7.2 ਫੀਸਦੀ ਦੇ ਵਿਚਕਾਰ ਰਹਿਣ ਦੀ ਉਮੀਦ ਹੈ । ਭਾਰਤ ਇਸ ਸਮੇਂ ਦੁਨੀਆ 'ਚ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਦੇਸ਼ ਹੈ, ਜੋ ਵਰਤਮਾਨ ਸਮੇਂ ਦੁਨੀਆਂ ਦੀ 5ਵੀਂ ਸਭ ਤੋਂ ਵੱਡੀ ਅਰਥਵਿਵਸਥਾ ਹੈ ਤੇ ਅਗਲੇ ਸਾਲ 2025 'ਚ ਇਸ ਦਾ ਦੁਨੀਆ ਦੀ ਚੌਥੀ ਸਭ ਤੋਂ ਵੱਡੀ ਅਰਥਵਿਵਸਥਾ ਬਣਨਾ ਤੈਅ ਹੈ । ਇਸ ਦੇ ਉਲਟ ਵਿਕਾਸਵਾਦ ਦੀ ਇਸ ਪ੍ਰਕਿਰਤੀ ਬਾਰੇ ਕੀ ਕਿਹਾ ਜਾਵੇ ? ਜਦੋਂ ਸਭ ਤੋਂ ਵੱਡੀਆਂ 20 ਕੰਪਨੀਆਂ ਕੋਲ ਰਾਸ਼ਟਰੀ ਦੌਲਤ ਦਾ 60 ਫੀਸਦੀ ਤੇ ਰਾਸ਼ਟਰੀ ਆਮਦਨ ਦਾ 70 ਫੀਸਦੀ ਹਿੱਸਾ ਜਾ ਰਿਹਾ ਹੈ । ਦੇਸ਼ 'ਚ ਨਾਬਰਾਬਰੀ ਤੇਜ਼ੀ ਨਾਲ ਵਧ ਰਹੀ ਹੈ । ਆਕਸਫੈਮ ਅਨੁਸਾਰ ਦੇਸ਼ ਦੀ ਸਿਖਰਲੀ 1 ਫੀਸਦੀ ਆਬਾਦੀ ਦੇ ਅਮੀਰਾਂ ਕੋਲ ਦੇਸ਼ ਦੀ 73 ਫੀਸਦੀ ਦੌਲਤ ਹੈ, ਜਦਕਿ 67 ਕਰੋੜ ਗਰੀਬ ਲੋਕਾਂ ਦੀ ਦੌਲਤ 'ਚ ਸਿਰਫ 1 ਫੀਸਦੀ ਦਾ ਵਾਧਾ ਹੋਇਆ ਹੈ । ਇਸ ਅਣਮੇਲਤਾ ਦਾ ਤੁਰੰਤ ਕੋਈ ਨਾ ਕੋਈ ਹੱਲ ਜ਼ਰੂਰੀ ਹੈ ।

ਡਾ. ਡੀ. ਡੀ. ਨਾਰੰਗ ਸਾਬਕਾ ਕੀਟ ਵਿਗਿਆਨੀ,
ਪੀ. ਏ. ਯੂ., ਲੁਧਿਆਣਾ (ਮੋ. 94647-20231)

# ਨਵੇਂ ਲਗਾਏ ਫਲਦਾਰ ਬੂਟਿਆਂ ਦਾ ਸਰਦੀ ਤੋਂ ਬਚਾਉ

**ਪੰਜਾਬ ਵਿਚ ਗਰਮੀ ਅਤੇ ਸਰਦੀ ਦੋਵੇਂ ਰੁੱਤਾਂ ਜ਼ੋਰਦਾਰ ਹੁੰਦੀਆਂ ਹਨ । ਗਰਮੀ ਪਿਛੋਂ ਨਵੰਬਰ ਦੇ ਮਹੀਨੇ ਤੋਂ ਹੀ ਸਰਦੀ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ । ਦਸੰਬਰ, ਜਨਵਰੀ ਦੇ ਮਹੀਨੇ ਸਖਤ ਸਰਦੀ ਦੇ ਹੁੰਦੇ ਹਨ । ਇਸ ਵੇਲੇ ਤਾਪਮਾਨ ਬਹੁਤ ਘੱਟ ਰਹਿੰਦਾ ਹੈ ਅਤੇ ਕਈ ਵਾਰ 0 ਡਿਗਰੀ ਸੈਂਟੀਗਰੇਡ ਤੱਕ ਪਹੁੰਚ ਜਾਂਦਾ ਹੈ ।**

ਜਿਥੇ ਖੇਤੀਬਾੜੀ ਦੀਆਂ ਆਮ ਫਸਲਾਂ ਜਿਵੇਂ ਹਾੜ੍ਹੀ ਅਤੇ ਸਾਉਣੀ ਦੀਆਂ ਫਸਲਾਂ ਲਗਭਗ 6-7 ਮਹੀਨੇ ਵਿਚ ਖਤਮ ਹੋ ਜਾਂਦੀਆਂ ਹਨ । ਉੱਥੇ ਫਲਦਾਰ ਬੂਟੇ ਕਈ ਸਾਲਾਂ ਦਾ ਲੰਮਾ ਸਮਾਂ ਬਾਗ ਵਿਚ ਰਹਿੰਦੇ ਹਨ । ਫਲਦਾਰ ਬੂਟਿਆਂ ਦੀ ਦੇਖਭਾਲ ਵਿਚ ਕੀਤੀ ਕਿਸੇ ਵੀ ਅਣਗਹਿਲੀ ਦਾ ਮਾੜਾ ਅਸਰ ਲੰਮਾ ਸਮਾਂ ਰਹਿੰਦਾ ਹੈ । ਖਾਸ ਕਰਕੇ ਨਵੇਂ ਲਾਏ ਛੋਟੇ ਬੂਟੇ ਵੇਲੇ ਸਿਰ ਲੋੜੀਂਦਾ ਉਪਾਅ ਨਾ ਕਰਨ ਕਰਕੇ ਮਰ ਵੀ ਸਕਦੇ ਹਨ ।

ਪੰਜਾਬ ਵਿਚ ਗਰਮੀ ਅਤੇ ਸਰਦੀ ਦੋਵੇਂ ਰੁੱਤਾਂ ਜ਼ੋਰਦਾਰ ਹੁੰਦੀਆਂ ਹਨ । ਗਰਮੀ ਪਿਛੋਂ ਨਵੰਬਰ ਦੇ ਮਹੀਨੇ ਤੋਂ ਹੀ ਸਰਦੀ ਦੀ ਰੁੱਤ ਸ਼ੁਰੂ ਹੋ ਜਾਂਦੀ ਹੈ । ਦਸੰਬਰ, ਜਨਵਰੀ ਦੇ ਮਹੀਨੇ ਸਖਤ ਸਰਦੀ ਦੇ ਹੁੰਦੇ ਹਨ । ਇਸ ਵੇਲੇ ਤਾਪਮਾਨ ਬਹੁਤ ਘੱਟ ਰਹਿੰਦਾ ਹੈ ਅਤੇ ਕਈ ਵਾਰ 0 ਡਿਗਰੀ ਸੈਂਟੀਗਰੇਡ ਤੱਕ ਪਹੁੰਚ ਜਾਂਦਾ ਹੈ । ਸਰਦੀ ਰੁੱਤ ਵਿਚ ਨਵੇਂ ਲਗਾਏ ਫਲਦਾਰ ਬੂਟਿਆਂ ਦੀ ਸਾਂਭ-ਸੰਭਾਲ ਲਈ ਮੁੱਖ ਉਪਰਾਲੇ ਹੇਠਾਂ ਦਰਸਾਏ ਹਨ ।



1. **ਨਵੇਂ ਲਗਾਏ ਬੂਟਿਆਂ ਉੱਪਰ ਛਾਉਰਾ ਕਰਨਾ** : ਨਵੇਂ ਲਗਾਏ ਫਲਦਾਰ ਬੂਟੇ ਖਾਸ ਕਰਕੇ ਪਪੀਤਾ, ਅੰਬ, ਅਮਰੂਦ, ਚੀਕੂ ਆਦਿ ਵਿਚ ਕੋਰੇ ਅਤੇ ਸਖਤ ਸਰਦੀ ਕਰਨ ਦੀ ਸਮਰੱਥਾ ਘੱਟ ਹੁੰਦੀ ਹੈ । ਇਸ ਕਰਕੇ ਇਨ੍ਹਾਂ ਬੂਟਿਆਂ ਨੂੰ ਕੋਰੇ ਤੋਂ ਬਚਾਉ ਲਈ ਇਨ੍ਹਾਂ ਉੱਪਰ ਛਾਉਰਾ ਕਰਨਾ ਚਾਹੀਦਾ ਹੈ । ਬੂਟਿਆਂ ਨੂੰ ਕੋਰੇ ਤੋਂ ਬਚਾਉਣ ਲਈ ਹਰੇਕ ਬੂਟੇ ਉੱਪਰ ਸਰਕੰਡੇ ਦੀ ਛੱਤਰੀ ਬਨਾਉਣੀ ਚਾਹੀਦੀ ਹੈ । ਸਰਕੰਡਾ ਆਮ ਤੌਰ ਤੇ ਪਾਣੀ ਦੇ ਸਰੋਤ ਖਾਸ ਕਰਕੇ ਨਾਲੇ ਅਤੇ ਸੂਇਆਂ ਦੁਆਲੇ ਸੌਖਿਆਂ ਹੀ ਮਿਲ ਜਾਂਦਾ ਹੈ ।

2. **ਹਲਕਾ ਪਾਣੀ ਲਾਉਣਾ** : ਹਲਕੀ (ਪਤਲੇ) ਪਾਣੀ ਦੀ ਸਿੰਚਾਈ ਸਰਦੀਆਂ ਵਿਚ ਕਾਫੀ ਲਾਹੇਵੰਦ ਸਾਬਤ ਹੁੰਦੀ ਹੈ । ਪੌਦਿਆਂ ਨੂੰ ਕੋਰੇ ਦੇ ਮਾੜੇ ਅਸਰ ਤੋਂ ਬਚਾਉਣ ਲਈ, ਜਦੋਂ ਮਿੱਟੀ ਸੁੱਕੀ ਹੁੰਦੀ ਹੈ ਤਾਂ ਇਸ ਵਿਚ ਹਵਾ ਨੇ ਜ਼ਿਆਦਾ ਥਾਂ ਘੇਰੀ ਹੁੰਦੀ ਹੈ । ਜਿਸ ਕਾਰਨ ਤਾਪ ਦਾ ਚੰਗੀ ਤਰ੍ਹਾਂ ਸੰਚਾਲਣ ਨਹੀਂ ਹੁੰਦਾ ਅਤੇ ਪੌਦੇ ਉੱਪਰ ਸਰਦੀ ਦਾ ਮਾੜਾ ਪ੍ਰਭਾਵ ਜ਼ਿਆਦਾ ਹੁੰਦਾ ਹੈ । ਗਿੱਲੀ ਮਿੱਟੀ ਵਿਚ ਹਵਾ ਦੀ ਜਗ੍ਹਾ ਪਾਣੀ ਨੇ ਘੇਰੀ ਹੁੰਦੀ ਹੈ ਜੋ ਕਿ ਇਕ ਚੰਗਾ ਤਾਪ ਸੰਚਾਲਣ ਹੈ । ਇਸ ਕਰਕੇ ਗਿੱਲੀ ਮਿੱਟੀ ਵਿਚ ਵਧੀਆ ਤਾਪ ਸੰਚਾਲਣ ਹੋਣ ਕਰਕੇ ਕੋਰੇ ਅਤੇ ਸਖਤ ਸਰਦੀ ਦਾ ਨਵੇਂ ਲਗਾਏ ਫਲਦਾਰ ਬੂਟਿਆਂ ਉੱਪਰ ਘੱਟ ਅਸਰ ਹੁੰਦਾ ਹੈ ।

3. **ਮਲਚਿੰਗ ਕਰਨਾ** : ਪੌਦਿਆਂ ਦੀ ਰਹਿੰਦ-ਖੂੰਹਦ ਜਿਵੇਂ ਪਰਾਲੀ, ਸਰਕੰਡਾ, ਸੁੱਕਾ ਘਾਹ, ਗੰਨੇ ਦੇ ਪੱਤੇ ਅਤੇ ਟਰੈਸ਼ ਆਦਿ ਨੂੰ ਫਲਦਾਰ ਬੂਟਿਆਂ ਦੇ ਤਣੇ ਦੇ ਦੁਆਲੇ ਜ਼ਮੀਨ ਨੂੰ ਢੱਕਿਆ ਜਾਂਦਾ ਹੈ । ਇਸ ਨਾਲ ਨਵੇਂ ਲਗਾਏ ਫਲਦਾਰ ਬੂਟਿਆਂ ਦੀਆਂ ਜੜ੍ਹਾਂ ਸਖਤ ਸਰਦੀ ਦੀ ਮਾਰ ਤੋਂ ਬਚ ਜਾਂਦੀਆਂ ਹਨ ਅਤੇ ਪੌਦੇ ਨੂੰ ਭੋਜਨ ਅਤੇ ਪਾਣੀ ਸਹੀ ਤਰੀਕੇ ਨਾਲ ਸਪਲਾਈ ਕਰਦੀਆਂ ਰਹਿੰਦੀਆਂ ਹਨ । ਜਿਸ ਨਾਲ ਪੌਦੇ ਦੀ ਸਿਹਤ ਚੰਗੀ ਬਣੀ ਰਹਿੰਦੀ ਹੈ ਅਤੇਕੋਰੇ ਦਾ ਮਾੜਾ ਅਸਰ ਵੀ ਘੱਟ ਹੁੰਦਾ ਹੈ । ਇਸ ਤੋਂ ਇਲਾਵਾ ਪਲਾਸਟਿਕ ਦੀ ਮਲਚਿੰਗ ਵੀ ਕਰ ਸਕਦੇ ਹਾਂ ਜਿਵੇਂ ਕਾਲਾ ਪੋਲੀਥੀਨ, ਰੰਗਦਾਰ ਪੋਲੀਥੀਨ ਆਦਿ ਵੀ ਵਰਤਿਆ ਜਾ ਸਕਦਾ ਹੈ ।



4. **ਬੂਟੇ ਦੇ ਤਣੇ ਉੱਪਰ ਸਫੈਦੀ ਕਰਨਾ** : ਸਰਦੀ ਦੇ ਭੈੜੇ ਅਸਰ ਤੋਂ ਬਚਾਉਣ ਲਈ ਬੂਟੇ ਦੇ ਤਣੇ ਦੇ ਹੇਠਲੇ ਭਾਗ ਨੂੰ ਸਫੇਦੀ ਕਰਨੀ ਚਾਹੀਦੀ ਹੈ । ਸਫੇਦੀ ਦਾ ਘੋਲ ਤਿਆਰ ਕਰਨ ਲਈ 25 ਕਿਲੋ ਚੂਨਾ 500 ਗ੍ਰਾਮ ਨੀਲਾ ਥੋਥਾ ਪਾ ਲਉ ਤਾਂ ਜੋ ਉੱਲੀ ਤੋਂ ਲੱਗਣ ਵਾਲੀਆਂ ਬਿਮਾਰੀਆਂ ਤੋਂ ਵੀ ਬੂਟੇ ਸੁਰੱਖਿਅਤ ਰਹਿਣ । 500 ਗ੍ਰਾਮ ਸ਼ੁਰੇਸ਼ ਪਾਉਣ ਨਾਲ ਵਧੇਰੇ ਟਿਕਾਊ ਬਣ ਜਾਂਦਾ ਹੈ ।

5. **ਕੀੜੇ-ਮਕੌੜੇ ਤੇ ਬਿਮਾਰੀਆਂ ਤੋਂ ਬਚਾਉਣਾ** : ਨਵੇਂ ਲਗਾਏ ਛੋਟੇ ਬੂਟਿਆਂ ਨੂੰ ਕੀੜੇ-ਮਕੌੜੇ ਤੇ ਬਿਮਾਰੀਆਂ ਦੇ ਹਮਲੇ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ । ਸੰਤਰਾ, ਮਾਲਟਾ, ਅੰਬ, ਅਮਰੂਦ, ਆੜੂ, ਅੰਗੂਰ, ਨਾਸ਼ਪਾਤੀ ਆਦਿ ਬੂਟਿਆਂ ਉੱਪਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੇ ਕੀੜੇ ਹਮਲਾ ਕਰਦੇ ਹਨ । ਬੂਟਿਆਂ ਦੀ ਨਿਰੰਤਰ ਨਿਗਰਾਨੀ ਕਰਕੇ ਬਿਮਾਰੀਆਂ ਅਤੇ ਕੀੜੇ-ਮਕੌੜਿਆਂ ਦੇ ਹਮਲੇ ਬਾਰੇ ਸੁਚੇਤ ਰਹਿਣਾ ਚਾਹੀਦਾ ਹੈ । ਇਨ੍ਹਾਂ ਦੇ ਉਚਿਤ ਇਲਾਜ ਲਈ ਮਾਹਿਰਾਂ ਦੀ ਸਲਾਹ ਲੈਣੀ ਚਾਹੀਦੀ ਹੈ । ਲੋੜ ਮੁਤਾਬਿਕ ਸਿਫਾਰਿਸ਼ ਕੀਟਨਾਸ਼ਕ ਜਾਂ ਉਲੀਨਾਸ਼ਕ ਛਿੜਕੋ ।

6. **ਕੁਝ ਹੋਰ ਜ਼ਰੂਰੀ ਕੰਮ** : ਸਰਦੀ ਰੁੱਤ ਵਿਚ ਨਵੇਂ ਲਗਾਏ ਬਾਗ ਦੇ ਹੋਰ ਵੀ ਜ਼ਰੂਰੀ ਰੁਝੇਵੇਂ ਹਨ ਜਿਵੇਂ ਆੜੂ, ਅਲੂਚੇ ਅਤੇ ਨਾਸ਼ਪਾਤੀ ਆਦਿ ਦੇ ਬੂਟਿਆਂ ਦੀ ਸਧਾਈ ਦਾ ਕੰਮ । ਬੂਟੇ ਦਾ ਢੁਕਵਾਂ ਢਾਂਚਾ ਹੀ ਬੂਟੇ ਨੂੰ ਲੰਮੀ ਤੇ ਸਿਹਤਮੰਦ ਉਮਰ ਪ੍ਰਦਾਨ ਕਰਦਾ ਹੈ । ਇਸ ਕਰਕੇ ਨਵੇਂ ਲਗਾਏ ਬੂਟਿਆਂ ਦੀ ਸੁਧਾਈ ਕਰਕੇ ਲੋੜੀਂਦਾ ਆਕਾਰ ਬਨਾਉਣ ਵੱਲ ਧਿਆਨ ਦੇਣਾ ਜ਼ਰੂਰੀ ਹੈ । ਬੂਟਿਆਂ ਦੀ ਸੁਧਾਈ ਸਿਫਾਰਸ਼ ਕੀਤੇ ਸੁਧਰੇ ਲੀਡਰ ਢੰਗ ਰਾਹੀਂ ਕਰਨੀ ਜ਼ਰੂਰੀ ਹੈ । ਇਸ ਢੰਗ ਨਾਲ ਕੀਤੀ ਸਧਾਈ ਅਨੁਸਾਰ ਬੂਟੇ ਦੀ ਉਚਾਈ ਆਮ ਨਾਲੋਂ ਘੱਟ ਜਾਂਦੀ ਹੈ ਜੋ ਕਿ ਬੂਟੇ ਦੀ ਕਾਂਟ-ਛਾਂਟ ਅਤੇ ਫਲ ਤੋੜਨ ‘ਚ ਆਸਾਨੀ ਰਹਿੰਦੀ ਹੈ । ਇਸ ਸਮੇਂ ਬੂਟੇ ਦੇ ਸੁੱਕੇ ਤੇ ਬਿਮਾਰੀ ਹਿੱਸੇ ਦੀ ਵੀ ਲੋੜ ਅਨੁਸਾਰ ਕਾਂਟ-ਛਾਂਟ ਕਰਨੀ ਜ਼ਰੂਰੀ ਹੁੰਦੀ ਹੈ । ਇਸ ਦੀ ਵਧੇਰੇ ਜਾਣਕਾਰੀ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਅਤੇ ਬਾਗਬਾਨੀ ਵਿਭਾਗ ਪੰਜਾਬ ਦੇ ਮਾਹਿਰਾਂ ਨਾਲ ਸੰਪਰਕ ਰੱਖਣਾ ਚਾਹੀਦਾ ਹੈ ।

# ਜੰਮਿਆ ਹੋਇਆ ਸ਼ਹਿਦ ਕੁਦਰਤ ਦੀ ਪ੍ਰਮਾਣਿਕਤਾ ਅਤੇ ਸ਼ੁੱਧਤਾ ਦੀ ਮੋਹਰ

## ਸ਼ਹਿਦ ਦੇ ਜੰਮਣ ਦਾ ਕਾਰਨ

★ **ਤਾਪਮਾਨ** : ਘੱਟ ਤਾਪਮਾਨ ਤੇ ਸ਼ਹਿਦ ਤੇਜ਼ੀ ਨਾਲ ਜੰਮਦਾ ਹੈ । ਇਸ ਦੇ ਉਲਟ, ਜ਼ਿਆਦਾ ਤਾਪਮਾਨ ਇਸ ਪ੍ਰੀਕ੍ਰਿਆ ਨੂੰ ਹੌਲੀ ਕਰ ਦਿੰਦਾ ਹੈ ਅਤੇ ਸ਼ਹਿਦ ਤਰਲ ਅਵਸਥਾ ਵਿਚ ਰੱਖਦਾ ਹੈ ।

★ **ਫੁੱਲਾਂ ਦਾ ਸਰੋਤ** : ਫੁੱਲਾਂ ਦੇ ਨੈਕਟਰ ਦਾ ਸਰੋਤ ਵੀ ਸ਼ਹਿਦ ਦੇ ਜੰਮਣ ਦੀ ਪ੍ਰੀਕ੍ਰਿਆ ਨੂੰ ਪ੍ਰਭਾਵਿਤ ਕਰਦਾ ਹੈ । ਕੁਝ ਫੁੱਲਾਂ ਦੇ ਨੈਕਟਰ ਆਪਣੀ ਖੰਡ ਦੀਆਂ ਰਚਨਾਵਾਂ ਵਿਚ ਭਿੰਨਤਾਵਾਂ ਦੇ ਕਾਰਨ ਦੂਜਿਆਂ ਨਾਲੋਂ ਜਲਦੀ ਜੰਮ ਜਾਂਦੇ ਹਨ ।

★ **ਭੰਡਾਰਣ ਦੀਆਂ ਸਥਿਤੀਆਂ** : ਸਹੀ ਭੰਡਾਰਣ ਸ਼ਹਿਦ ਦੀ ਜੰਮਣ ਦੀ ਪ੍ਰੀਕ੍ਰਿਆ ਨੂੰ ਨਿਯੰਤਰਿਤ ਕਰਨ ਵਿਚ ਮਹੱਤਵਪੂਰਣ ਭੂਮਿਕਾ ਅਦਾ ਕਰਦਾ ਹੈ । ਸ਼ਹਿਦ ਨੂੰ ਠੰਡੀ ਅਤੇ ਸੁੱਕੀ ਜਗ੍ਹਾ ‘ਤੇ ਰੱਖਣ ਨਾਲ ਜੰਮਣ ਦੀ ਪ੍ਰੀਕ੍ਰਿਆ ਨੂੰ ਹੌਲੀ ਕਰਨ ਵਿਚ ਮਦਦ ਮਿਲਦੀ ਹੈ ।

★ **ਫਿਲਟਰਿੰਗ ਅਤੇ ਪ੍ਰੋਸੈਸਿੰਗ** : ਜੋ ਸ਼ਹਿਦ ਵਿਆਪਕ ਫਿਲਟਰਿੰਗ ਅਤੇ ਪ੍ਰੋਸੈਸਿੰਗ ਤੋਂ ਗੁਜ਼ਰਦਾ ਹੈ, ਉਹ ਕੱਚੇ ਸ਼ਹਿਦ ਦੀ ਤੁਲਨਾ ਵਿਚ ਦੇਰੀ ਨਾਲ ਜੰਮਦਾ ਹੈ । ਕੱਚੇ ਸ਼ਹਿਦ ਵਿਚ ਪਰਾਗ ਦੀ ਮਾਤਰਾ ਜ਼ਿਆਦਾ ਹੁੰਦੀ ਹੈ, ਜਿਸ ਕਾਰਣ ਉਹ ਵਧੇਰੇ ਤੇਜ਼ੀ ਨਾਲ ਜੰਮਦਾ ਹੈ ।

## ਜੰਮੇ ਹੋਏ ਸ਼ਹਿਦ ਦੀਆਂ ਵਿਸ਼ੇਸ਼ਤਾਵਾਂ

ਸ਼ੁੱਧ ਸ਼ਹਿਦ ਦੇ ਜੰਮਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ, ਜਦ ਕਿ ਮਿਲਾਵਟੀ ਸ਼ਹਿਦ ਲੰਬੇ ਸਮੇਂ ਲਈ ਤਰਲ ਰਹਿੰਦਾ ਹੈ । ਸ਼ੁੱਧ ਸ਼ਹਿਦ ਵਿਚ ਪਾਏ ਜਾਣ ਵਾਲੀ ਕੁਦਰਤੀ ਸ਼ੱਕਰ ਅਤੇ ਹੋਰ ਮਿਸ਼ਰਣ ਸਮੇਂ ਦੇ ਨਾਲ ਕੁਦਰਤੀ ਤੌਰ ਤੇ ਜੰਮਣ ਲੱਗ ਜਾਂਦੇ ਹਨ । ਸ਼ਹਿਦ ਦੇ ਜੰਮਣ ਦੀ ਪ੍ਰਕ੍ਰਿਆ ਇਸ ਦੇ ਪੌਸ਼ਟਿਕ ਮੁੱਲ ਨੂੰ ਘੱਟ ਨਹੀਂ ਕਰਦੀ । ਇਹ ਸਾਰੇ ਲਾਭਕਾਰੀ ਵਿਟਾਮਿਨ ਅਤੇ ਖਣਿਜਾਂ ਨੂੰ ਬਰਕਰਾਰ ਰੱਖਦੀ ਹੈ । ਜੰਮਿਆ ਸ਼ਹਿਦ ਆਪਣੀ ਕੁਦਰਤੀ ਐਂਟੀਆਕਸੀਡੈਂਟ ਗਤੀਵਿਧੀ ਨੂੰ ਬਰਕਰਾਰ ਰੱਖਦਾ ਹੈ ਜੋ ਸਰੀਰ ਵਿਚ ਹਾਨੀਕਾਰਕ ਫ੍ਰੀ-ਰੈਡੀਕਲਸ ਨੂੰ ਖਤਮ ਕਰਦਾ ਹੈ । ਇਸ ਤੋਂ ਇਲਾਵਾ ਸ਼ਹਿਦ ਦੀਆਂ ਐਂਟੀਮਾਈਕਰੋਬਾਇਲ ਗਤੀਵਿਧੀਆਂ ਇਸ ਨੂੰ ਚਿਕਿਤਸਕ ਗੁਣ ਪ੍ਰਦਾਨ ਕਰਦੀਆਂ ਹਨ ਜਿਸ ਨਾਲ ਇਹ ਗਲੇ ਦੇ ਦਰਦ ਅਤੇ ਖੰਘ ਆਦਿ ਨੂੰ ਆਰਾਮ ਦੇਣ ਲਈ ਕਾਰਗਰ ਹੈ ।

## ਜੰਮੇ ਸ਼ਹਿਦ ਦੇ ਹੋਰ ਲਾਭ

ਸ਼ਹਿਦ ਦੀ ਪ੍ਰਮਾਣਿਕਤਾ ਦਾ ਭਰੋਸਾ ਦੇਣ ਤੋਂ ਇਲਾਵਾ, ਜੰਮੇ ਸ਼ਹਿਦ ਦੇ ਕਈ ਹੋਰ ਫਾਇਦੇ ਵੀ ਹਨ । ਜੰਮੇ ਸ਼ਹਿਦ ਦੀ ਮਿਆਦ, ਤਰਲ ਸ਼ਹਿਦ ਦੇ ਮੁਕਾਬਲੇ ਲੰਬੀ ਹੁੰਦੀ ਹੈ । ਜੰਮਣ ਦੀ ਪ੍ਰਕ੍ਰਿਆ ਸ਼ਹਿਦ ਨੂੰ ਸੁਰੱਖਿਅਤ ਰੱਖਣ ਦਾ ਕੁਦਰਤੀ ਤਰੀਕਾ ਹੈ । ਜੰਮਣ ਦੀ ਪ੍ਰਕ੍ਰਿਆ ਸ਼ਹਿਦ ਵਿਚ ਪਾਣੀ ਦੀ ਮਾਤਰਾ ਨੂੰ ਘਟਾਉਂਦੀ ਹੈ, ਜਿਸ ਨਾਲ ਫਰਮੈਂਟੇਸ਼ਨ



(ਸ਼ਹਿਦ ਦੇ ਖਰਾਬ) ਹੋਣ ਦਾ ਖਤਰਾ ਘੱਟ ਜਾਂਦਾ ਹੈ । ਜੰਮੇ ਸ਼ਹਿਦ ਨੂੰ ਆਸਾਨੀ ਨਾਲ ਜੈਮ ਦੀ ਤਰ੍ਹਾਂ ਰੋਟੀ, ਟੋਸਟ ਤੇ ਲਗਾ ਕੇ ਖਾਇਆ ਜਾ ਸਕਦਾ ਹੈ । ਇਸ ਤੋਂ ਇਲਾਵਾ ਸ਼ਿਕੰਜਵੀ, ਸ਼ਰਬਤ ਵਿਚ ਵੀ ਖੰਡ ਦੀ ਜਗ੍ਹਾ ਵਰਤਿਆ ਜਾ ਸਕਦਾ ਹੈ ।

ਜੇ ਤੁਹਾਨੂੰ ਪਤਾ ਲੱਗਦਾ ਹੈ ਕਿ ਤੁਹਾਡਾ ਸ਼ਹਿਦ ਜੰਮ ਗਿਆ ਹੈ, ਤਾਂ ਚਿੰਤਾ ਨਾ ਕਰੋ । ਸ਼ਹਿਦ ਨੂੰ ਇਸਦੀ ਤਰਲ ਅਵਸਥਾ ਵਿਚ ਵਾਪਸ ਲਿਆਉਣ ਲਈ ਸ਼ਹਿਦ ਦੀ ਬੋਤਲ ਨੂੰ ਕੁਝ ਦੇਰ ਗਰਮ ਪਾਣੀ ਵਿਚ ਰੱਖ ਦਿਓ । ਧਿਆਨ ਰਹੇ, ਪਾਣੀ ਜ਼ਿਆਦਾ ਗਰਮ ਨਾ ਹੋਵੇ, ਇਸ ਤੋਂ ਇਲਾਵਾ ਸ਼ਹਿਦ ਨੂੰ ਮਾਈਕ੍ਰੋਵੇਵ ਵਿਚ ਰੱਖਣ ਤੋਂ ਪਰਹੇਜ਼ ਕਰੋ, ਕਿਉਂਕਿ ਬਹੁਤ ਜ਼ਿਆਦਾ ਗਰਮੀ ਇਸ ਦੇ ਲਾਭਕਾਰੀ ਗੁਣਾਂ ਨੂੰ ਨੁਕਸਾਨ ਪਹੁੰਚਾ ਸਕਦੀ ਹੈ ।

ਸਿੱਟੇ ਵਜੋਂ, ਸ਼ਹਿਦ ਦਾ ਜੰਮਣਾ ਇਕ ਕੁਦਰਤੀ ਪ੍ਰਕ੍ਰਿਆ ਹੈ ਜੋ ਮਿਲਾਵਟ ਜਾਂ ਗੁਣਵੱਤਾ ਵਿਚ ਗਿਰਾਵਟ ਨੂੰ ਨਹੀਂ ਦਰਸਾਉਂਦਾ ਹੈ । ਜਿੰਨਾ ਚਿਰ ਸ਼ਹਿਦ ਇਕ ਭਰੋਸੇਮੰਦ ਸਰੋਤ ਤੋਂ ਆਉਂਦਾ ਹੈ, ਇਸਦਾ ਜੰਮਣਾ ਇਸਦੀ ਸ਼ੁੱਧਤਾ ਦਾ ਪ੍ਰਮਾਣ ਹੈ । ਜੰਮੇ ਸ਼ਹਿਦ ਦੇ ਵਿਲੱਖਣ ਗੁਣਾਂ ਨੂੰ ਅਪਣਾਓ ਅਤੇ ਲੰਬੇ ਸਮੇਂ ਦੀ ਸਟੋਰੇਜ ਵਿਚ ਇਸਦੇ ਬਹੁਤ ਸਾਰੇ ਲਾਭਾਂ ਦਾ ਅਨੰਦ ਲਓ । ਅਗਲੀ ਵਾਰ ਜਦੋਂ ਜੰਮੇ ਸ਼ਹਿਦ ਦੀ ਸ਼ੀਸ਼ੀ / ਬੋਤਲ ਦੇਖਦੇ ਹੋ ਤਾਂ ਇਸਨੂੰ ਭਰੋਸੇ ਨਾਲ ਖਰੀਦੋ, ਇਹ ਜਾਣਦੇ ਹੋਏ ਕਿ ਇਸ ਵਿਚ ਕਿਸੇ ਕਿਸਮ ਦੀ ਮਿਲਾਵਟ ਨਹੀਂ ਹੈ ।

**ਵਿਨੈ ਸਿੰਘ, ਗੁਰਪ੍ਰੀਤ ਕੌਰ ਢਿੱਲੋਂ ਅਤੇ ਮੋਨਿਕਾ ਮਹਾਜਨ, ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ,**
**ਮੋਬਾਇਲ : 94183-17248**

# ਸਰਦੀਆਂ ਵਿਚ ਪੀਲਾ ਦੁੱਧ ਪੀਣ ਨਾਲ ਸਰੀਰ ਨੂੰ ਹੋਣ ਕਈ ਫਾਇਦੇ

ਸਾਡੀ ਰਸੋਈ ਵਿਚ ਬਹੁਤ ਸਾਰੀਆਂ ਅਜਿਹੀਆਂ ਚੀਜ਼ਾਂ ਹਨ, ਜਿਨ੍ਹਾਂ ਦੀ ਵਰਤੋਂ ਨਾਲ ਸਿਹਤ ਨਾਲ ਜੁੜੀਆਂ ਕਈ ਸਮੱਸਿਆਵਾਂ ਦੂਰ ਹੋ ਸਕਦੀਆਂ ਹਨ। ਅੱਜ ਅਸੀਂ ਜਿਸ ਪੀਲੇ ਦੁੱਧ ਦੀ ਗੱਲ ਕਰ ਰਹੇ ਹਨ ਉਸ ਨੂੰ ਗੋਲਡਨ ਦੁੱਧ ਵੀ ਕਿਹਾ ਜਾਂਦਾ ਹੈ ਯਾਨੀ ਹਲਦੀ ਵਾਲਾ ਦੁੱਧ, ਜੋ ਸਿਹਤ ਲਈ ਕਈ ਤਰ੍ਹਾਂ ਨਾਲ ਫਾਇਦੇਮੰਦ ਹੁੰਦਾ ਹੈ। ਆਯੁਰਵੇਦ ਵਿਚ ਇਸ ਦੀ ਵਰਤੋਂ ਦਵਾਈ ਦੇ ਤੌਰ ਤੇ ਕੀਤੀ ਜਾਂਦੀ ਹੈ। ਇਸ ਵਿਚ ਮੌਜੂਦ ਐਂਟੀ-ਇੰਫਲੇਮੇਟਰੀ, ਐਂਟੀ-ਆਕਸੀਡੈਂਟ ਅਤੇ ਐਂਟੀ-ਡਾਇਬੀਟਿਕ ਗੁਣ ਸਿਹਤ ਲਈ ਕਿਸੇ ਖਜ਼ਾਨੇ ਤੋਂ ਘੱਟ ਨਹੀਂ ਹਨ। ਹਲਦੀ ਵਾਲੇ ਦੁੱਧ ਦਾ ਸੇਵਨ ਕਰਨ ਨਾਲ ਇਸ ਵਿਚ ਮੌਜੂਦ ਐਂਟੀ-ਆਕਸੀਡੈਂਟ ਅਤੇ ਐਂਟੀ-ਇੰਫਲੇਮੇਟਰੀ ਗੁਣ ਦਿਲ ਨੂੰ ਸਿਹਤਮੰਦ ਰਖਦੇ ਹਨ। ਇਸ ਤੋਂ ਇਲਾਵਾ ਇਹ ਦਿਲ ਦੀਆਂ ਬੀਮਾਰੀਆਂ ਨੂੰ ਦੂਰ ਕਰਨ ਵਿਚ ਵੀ ਕਾਰਗਰ ਹੈ।

ਹਲਦੀ ਵਾਲਾ ਦੁੱਧ, ਜੋ ਐਂਟੀਵਾਇਰਲ, ਐਂਟੀਫੰਗਲ ਅਤੇ ਐਂਟੀਸੈਪਟਿਕ ਗੁਣਾਂ ਨਾਲ ਭਰਪੂਰ ਹੁੰਦਾ ਹੈ, ਇਸ ਨੂੰ ਪੀਣ ਨਾਲ ਸਰੀਰ ਦੀ ਪ੍ਰਤੀਰੋਧਕ



ਸ਼ਕਤੀ ਮਜ਼ਬੂਤ ਹੁੰਦੀ ਹੈ। ਇਸ ਨਾਲ ਸਾਡੇ ਸਰੀਰ ਨੂੰ ਬੀਮਾਰੀਆਂ ਦਾ ਖਤਰਾ ਘੱਟ ਹੁੰਦਾ ਹੈ। ਜ਼ੁਕਾਮ ਅਤੇ ਖਾਂਸੀ ਤੋਂ ਛੁਟਕਾਰਾ ਪਾਉਣ ਲਈ ਹਲਦੀ ਵਾਲੇ ਦੁੱਧ ਦਾ ਸੇਵਨ ਕਰਨਾ ਚਾਹੀਦਾ ਹੈ। ਬਲੱਡ ਸ਼ੂਗਰ ਲੈਵਲ ਵਧਣ ਨਾਲ ਸਰੀਰ ਵਿਚ ਸਿਹਤ ਸਬੰਧੀ ਕਈ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਅਜਿਹੇ ਵਿਚ ਸ਼ੂਗਰ ਦੇ ਮਰੀਜ਼ਾਂ ਲਈ ਰੋਜ਼ਾਨਾ ਹਲਦੀ ਵਾਲੇ ਦੁੱਧ ਦਾ ਸੇਵਨ ਕਰਨਾ ਚੰਗਾ ਹੁੰਦਾ ਹੈ ਪਰ ਅਜਿਹਾ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਵੋ।

ਸਰੀਰ ਦੇ ਕਿਸੇ ਵੀ ਦਰਦ ਤੋਂ ਰਾਹਤ ਪਾਉਣ ਲਈ ਹਲਦੀ ਵਾਲਾ ਦੁੱਧ ਪੀਣਾ ਚਾਹੀਦਾ ਹੈ। ਇਸ ਦੇ ਐਂਟੀ-ਇੰਫਲੇਮੇਟਰੀ ਗੁਣ ਗੋਡਿਆਂ ਦੇ ਦਰਦ ਅਤੇ ਸੋਜ ਨੂੰ ਘੱਟ ਕਰਨ ਵਿਚ ਮਦਦਗਾਰ ਹੁੰਦੇ ਹਨ। ਹਲਦੀ ਦੇ ਦੁੱਧ ਵਿਚ ਮੌਜੂਦ ਐਂਟੀ-ਆਕਸੀਡੈਂਟ ਅਤੇ ਐਂਟੀ-ਇੰਫਲੇਮੇਟਰੀ ਗੁਣ ਪਾਚਣ ਕਿਰਿਆ ਨੂੰ ਠੀਕ ਕਰਦੇ ਹਨ। ਇਸ ਦੁੱਧ ਨੂੰ ਥੋੜ੍ਹਾ ਜਿਹਾ ਘਿਉ ਮਿਲਾ ਕੇ ਪੀਣ ਨਾਲ ਅੰਤੜੀਆਂ ਦੀ ਸਿਹਤ ਚੰਗੀ ਰਹਿੰਦੀ ਹੈ। ਹਲਦੀ ਵਾਲਾ ਦੁੱਧ ਬਣਾਉਣ ਲਈ ਸਭ ਤੋਂ ਪਹਿਲਾਂ 1 ਕੱਪ ਦੁੱਧ ਵਿਚ ਪੀਸੀ ਹੋਈ ਸੁੱਕੀ ਅਦਰਕ (ਸੁੰਢ) ਅਤੇ ਕੱਚੀ ਹਲਦੀ ਮਿਲਾ ਕੇ ਚੰਗੀ ਤਰ੍ਹਾਂ ਉਬਾਲ ਲਵੋ ਅਤੇ ਰਾਤ ਨੂੰ ਸੌਣ ਤੋਂ ਪਹਿਲਾਂ ਪੀਓ। ਇਸ ਨੂੰ ਪੀਣ ਨਾਲ ਸਰੀਰ ਨੂੰ ਬਹੁਤ ਸਾਰੇ ਫਾਇਦੇ ਹੋਣਗੇ।

# ਬਾਜਰਾ ਆਧੁਨਿਕ ਭੋਜਨ ਲਈ ਇੱਕ ਸਿਹਤਮੰਦ ਵਿਕਲਪ

ਮੋਨੀਕਾ ਮਹਾਜਨ ਅਤੇ ਗੁਰਪ੍ਰੀਤ ਕੌਰ ਢਿੱਲੋਂ, ਖੇਤਰੀ ਖੋਜ ਕੇਂਦਰ, ਬਠਿੰਡਾ (ਮੋਬਾਇਲ : 94178-16369)

**ਬਾਜਰੇ ਨੂੰ ਆਧੁਨਿਕ ਭੋਜਨ ਵਿਚ ਸ਼ਾਮਿਲ ਕਰਨ ਦੇ ਤਰੀਕੇ :**

**ਬਾਜਰੇ ਦੀ ਬਾਰ :** ਬਾਜਰੇ ਦੀ ਬਾਰ ਇੱਕ ਪੌਸ਼ਟਿਕ ਆਧੁਨਿਕ ਭੋਜਨ ਹੈ। ਇਸ ਦੀ ਸਰਲ ਵਿਧੀ ਇਸ ਪ੍ਰਕਾਰ ਹੈ :

**ਸਮੱਗਰੀ :** ਬਾਜਰਾ : 50 ਗ੍ਰਾਮ, ਬਦਾਮ : 25 ਗ੍ਰਾਮ, ਕਾਜੂ : 25 ਗ੍ਰਾਮ, ਜਵੀ (ਓਟਸ) : 50 ਗ੍ਰਾਮ, ਸੌਗੀ : 25 ਗਾਮ, ਸ਼ਹਿਦ : 25 ਗ੍ਰਾਮ, ਮੱਖਣ : 30 ਗ੍ਰਾਮ, ਸ਼ੱਕਰ : 40 ਗ੍ਰਾਮ।

**ਤਿਆਰ ਕਰਨ ਲਈ ਵਿਧੀ :**

★ ਬਦਾਮ, ਕਾਜੂ ਅਤੇ ਜਵੀ ਨੂੰ ਸੁਨਹਿਰੀ ਹੋਣ ਤੱਕ ਭੁੰਨ ਲਓ। ਠੰਡਾ ਹੋਣ 'ਤੇ, ਉਨ੍ਹਾਂ ਨੂੰ ਛੋਟੇ ਟੁਕੜਿਆਂ ਵਿੱਚ ਕੱਟ ਲਓ।

★ ਬਾਜਰੇ ਨੂੰ ਵੱਖਰੇ ਤੌਰ 'ਤੇ ਭੁੰਨ ਲਓ।

★ ਇਕ ਸੌਸਪੈਨ ਜਾਂ ਕੜਾਹੀ ਵਿਚ, ਮੱਖਣ ਅਤੇ ਸ਼ੱਕਰ ਨੂੰ ਇਕੱਠੇ ਪਿਘਲਾ ਲਓ। ਇਕ ਵਾਰ ਪਿਘਲਾ ਲਉ। ਇਕ ਵਾਰ ਪਿਘਲਣ ਤੋਂ ਬਾਅਦ, ਸ਼ਹਿਦ, ਭੁੰਨਿਆ ਹੋਇਆ ਬਾਜਰਾ, ਬਦਾਮ, ਕਾਜੂ ਅਤੇ ਜਵੀ ਇਸ ਵਿਚ ਮਿਲਾ ਲਓ ਅਤੇ ਹਿਲਾਓ ਤਾਂ ਕਿ ਸਾਰੀ ਸਮੱਗਰੀ ਚੰਗੀ ਤਰ੍ਹਾਂ ਆਪਸ ਵਿਚ ਮਿਲ ਜਾਵੇ।

★ ਮਿਸ਼ਰਣ ਨੂੰ ਮੋਲਡ ਜਾਂ ਇੱਕ ਕਤਾਰਬੱਧ ਬੇਕਿੰਗ ਟਰੇ ਵਿੱਚ ਪਾ ਲਓ, ਪਰਤ ਨੂੰ ਬਰਾਬਰ ਰੱਖੋ।

★ ਇਸ ਨੂੰ 140 ਡਿਗਰੀ ਸੈਲਸੀਆ ਤੇ 10 ਮਿੰਟਾਂ ਲਈ ਬੇਕ ਕਰੋ।

★ ਬਾਰ ਨੂੰ ਚੌਰਸ ਜਾਂ ਲੋੜੀਂਦੇ ਆਕਾਰ ਵਿਚ ਕੱਟਣ ਤੋਂ ਪਹਿਲਾਂ ਥੋੜ੍ਹਾ ਠੰਡਾ ਹੋਣ ਦਿਓ।

**ਬਾਜਰੇ ਦੇ ਕਟਲੇਟ :** ਬਾਜਰੇ-ਆਧਾਰਿਤ ਕਟਲੇਟ ਪੌਸ਼ਟਿਕ ਅਤੇ ਸਦਾਦੀ ਹੁੰਦੇ ਹਨ, ਇਹਨਾਂ ਨੂੰ ਬਣਾਉਣ ਲਈ ਲੋੜੀਂਦੀ

**ਸਮੱਗਰੀ :** ਬਾਜਰਾ : 350 ਗ੍ਰਾਮ, ਪਨੀਰ : 80 ਗ੍ਰਾਮ, ਦਰਦਰੀ ਪੀਸੀ ਜਵੀ : 100 ਗ੍ਰਾਮ, ਸ਼ਿਮਲਾ ਮਿਰਚ : 100 ਗਾਮ (ਬਾਰੀਕ ਕੱਟੀ ਹੋਈ), ਪਿਆਜ਼ : 70 ਗ੍ਰਾਮ (ਬਾਰੀਕ ਕੱਟੀ ਹੋਈ), ਬ੍ਰੈਡਕ੍ਰੰਬਸ : 50 ਗ੍ਰਾਮ, ਸਾਬਤ ਜਵੀ : 40 ਗ੍ਰਾਮ, ਸਵਾਦ ਅਨੁਸਾਰ ਨਮਕ ਅਤੇ ਮਸਾਲੇ।

**ਤਿਆਰ ਕਰਨ ਲਈ ਵਿਧੀ :**

★ ਬਾਜਰੇ ਨੂੰ ਨਰਮ ਕਰਨ ਲਈ ਕੁੱਕਰ ਵਿਚ 3-4 ਸੀਟੀਆਂ ਲਵਾਓ।

★ ਸ਼ਿਮਲਾ ਮਿਰਚ ਅਤੇ ਪਨੀਰ ਨੂੰ ਬਾਰੀਕ ਕੱਟੋ ਅਤੇ ਉਨ੍ਹਾਂ ਨੂੰ ਪਕਾਏ



ਹੋਏ ਬਾਜਰੇ ਵਿਚ ਮਿਲਾ ਦਿਓ।

★ ਇਸ ਵਿਚ ਪੀਸੀ ਜਵੀ, ਬ੍ਰੈਡਕ੍ਰੰਬਸ ਅਤੇ ਮਸਾਲੇ ਪਾ ਲਓ। ਸਾਰੀ ਸਮੱਗਰੀ ਨੂੰ ਚੰਗੀ ਤਰ੍ਹਾਂ ਮਿਲਾ ਲਓ।

★ ਮਿਸ਼ਰਣ ਨੂੰ ਕਟਲੇਟ ਜਾਂ ਪੈਟੀਜ਼ ਵਰਗਾ ਆਕਾਰ ਦਿਓ, ਸੁਨਹਿਰੀ ਪਰਤ ਲਈ ਹਰੇਕ ਕਟਲੇਟ ਦੀ ਸੱਤ੍ਹਾ 'ਤੇ ਹੌਲੀ-ਹੌਲੀ ਸਾਬਤ ਜਵੀ ਨੂੰ ਲਗਾ ਲਓ।

★ ਇੱਕ ਪੈਨ ਜਾਂ ਕੜਾਹੀ ਵਿਚ ਕਟਲੇਟਸ ਨੂੰ ਦੋਵੇਂ ਪਾਸਿਆਂ ਤੋਂ ਸੁਨਹਿਰੀ ਭੂਰਾ ਹੋਣ ਤੱਕ ਫਰਾਈ ਕਰੋ।

**ਬਾਜਰੇ ਦੇ ਪੋਪ/ਫੁੱਲੇ :** ਬਾਜਰੇ ਦੇ ਪੌਪਕੋਰਨ ਦੇ ਸਮਾਨ ਇਕ ਹਲਕਾ, ਸਵਾਦੀ ਸਨੈਕ ਹੈ। ਇਸ ਦੀ ਸਰਲ ਵਿਧੀ ਇਸ ਪ੍ਰਕਾਰ ਹੈ :

**ਸਮੱਗਰੀ :** ਬਾਜਰਾ : 200 ਗ੍ਰਾਮ, ਪੌਪ/ਫੁੱਲੇ ਬਣਾਉਣ ਲਈ ਲੂਣ

**ਤਿਆਰ ਕਰਨ ਲਈ ਵਿਧੀ :**

★ ਬਾਜਰੇ ਨੂੰ ਰਾਤ ਭਰ ਭਿਓ ਕੇ ਰੱਖ ਦਿਓ।

★ ਬਾਜਰੇ ਨੂੰ 50 ਡਿਗਰੀ ਸੈਲਸੀਅਸ ਤਾਪਮਾਨ 'ਤੇ 4-5 ਘੰਟਿਆ ਲਈ ਜਾਂ ਜਦੋਂ ਤੱਕ ਨਮੀਂ ਦੀ ਮਾਤਰਾ 14-15% ਤੱਕ ਨਹੀਂ ਪਹੁੰਚ ਜਾਂਦਾ, ਕੈਬਿਨੇਟ ਡ੍ਰਾਇਰ ਜਾਂ ਧੁੱਪ ਵਿਚ ਸੁਕਾਓ।

★ ਇੱਕ ਡੂੰਘੇ ਪੈਨ ਵਿਚ ਨਮਕ ਗਰਮ ਕਰੋ।

★ ਸੁੱਕੇ ਬਾਜਰੇ ਦੇ ਦਾਣਿਆਂ ਨੂੰ ਗਰਮ ਕੀਤੇ ਲੂਣ ਵਿਚ ਪਾਓ ਅਤੇ ਲਗਾਤਾਰ ਹਿਲਾਉਂਦੇ ਰਹੋ ਜਦੋਂ ਤੱਕ ਉਹ ਪੌਪ/ਫੁੱਲੇ ਨਾ ਬਣ ਜਾਣ।

★ ਇੱਕ ਵਾਰ ਪੌਪ ਹੋਣ 'ਤੇ, ਬਾਜਰੇ ਨੂੰ ਨਮਕ ਤੋਂ ਵੱਖ ਕਰੋ ਅਤੇ ਸਨੈਕ ਦੇ ਰੂਪ ਵਿਚ ਇਸਦਾ ਸਵਾਦ ਮਾਣੋ।

ਬਾਜਰਾ ਇਕ ਉਤਕ੍ਰਿਸ਼ਟ, ਪੌਸ਼ਟਿਕਤਾ ਨਾਲ ਭਰਪੂਰ ਅਨਾਜ ਹੈ ਜੋ ਸਾਡੇ ਰੋਜ਼ਾਨਾ ਦੇ ਭੋਜਨ ਵਿਚ ਆਸਾਨੀ ਨਾਲ ਫਿੱਟ ਹੋ ਸਕਦਾ ਹੈ। ਭਾਵੇਂ ਤੁਸੀਂ ਇਸਨੂੰ ਬਾਰ, ਕਟਲੇਟ ਜਾਂ ਪੌਪ ਦੇ ਰੂਪ ਵਿਚ ਮਾਣੋ, ਇਹ ਤੁਹਾਡੀ ਖੁਰਾਕ ਦੇ ਸਵਾਦ ਅਤੇ ਪੌਸ਼ਟਿਕਤਾ ਨੂੰ ਵਧਾਉਂਦਾ ਹੀ ਹੈ। ਬਾਜਰੇ ਦੀ ਚੋਣ ਕਰਕੇ, ਤੁਸੀਂ ਆਪਣੇ ਲਈ ਇਕ ਸਿਹਤਮੰਦ ਚੋਣ ਕਰ ਰਹੇ ਹੋ ਅਤੇ ਪੌਸ਼ਟਿਕਤਾ ਨੂੰ ਵਧਾਉਂਦਾ ਹੀ ਹੈ। ਬਾਜਰੇ ਦੀ ਚੋਣ ਕਰਕੇ, ਤੁਸੀਂ ਆਪਣੇ ਲਈ ਇਕ ਸਿਹਤਮੰਦ ਚੋਣ ਕਰ ਰਹੇ ਹੋ ਅਤੇ ਸਥਿਰ ਖੇਤੀ ਦਾ ਸਮਰਥਨ ਕਰ ਰਹੇ ਹੋ, ਜੋ ਸਿਰਫ ਤੁਹਾਡੀ ਸਿਹਤ ਲਈ ਫਾਇਦੇਮੰਦ ਨਹੀਂ, ਸਗੋਂ ਵਾਤਾਵਰਨ ਲਈ ਵੀ ਲਾਭਕਾਰੀ ਹੈ।

-------- ਬਾਕੀ ਸਫਾ 3 ਦੀ --------

# ਕਣਕ ਦੀ ਫਸਲ ਵਿਚ ਤਣਾਅ ਦੇ ਕਾਰਨ ਅਤੇ ਸੁਧਾਰ

ਤਾਪਮਾਨ 4 ਤੋਂ 11 ਡਿਗਰੀ ਸੈਂਟੀਗ੍ਰੇਡ ਰਹੇ। ਬੂਝਾ ਮਾਰਨ ਤੋਂ ਲੈ ਕੇ ਫਸਲ ਦੇ ਨਿਸਾਰੇ ਤੱਕ ਜੇਕਰ ਤਾਪਮਾਨ ਵਿਚ ਲੋੜ ਤੋਂ ਵੱਧ ਵਾਧਾ ਹੁੰਦਾ ਹੈ ਤਾਂ ਫਸਲ ਦੀ ਬੂਝਾ ਮਾਰਨ ਦੀ ਸਮਰੱਥਾ ਤੇ ਮਾੜਾ ਅਸਰ ਪੈਂਦਾ ਹੈ ਅਤੇ ਫਸਲ ਜਲਦੀ ਨਿੱਸਰ ਜਾਂਦੀ ਹੈ।

★ ਇਸੇ ਤਰ੍ਹਾਂ ਜੇਕਰ ਦਾਣੇ ਭਰਨ ਸਮੇਂ ਤਾਪਮਾਨ ਅਨੁਕੂਲ ਤੋਂ ਵੱਧ ਰਹਿੰਦਾ ਹੈ ਤਾਂ ਫਸਲ ਸਮੇਂ ਤੋਂ ਪਹਿਲਾਂ ਪੱਕ ਜਾਂਦੀ ਹੈ ਅਤੇ ਦਾਣੇ ਪੂਰੇ ਭਰਦੇ ਨਹੀਂ ਜਿਸ ਕਰਕੇ ਉਹਨਾਂ ਦਾ ਭਾਰ ਘੱਟ ਜਾਂਦਾ ਹੈ ਤੇ ਪੈਦਾਵਾਰ ਵਿਚ ਨੁਕਸਾਨ ਹੋ ਜਾਂਦਾ ਹੈ। ਜਦੋਂ ਹਵਾ ਦੇ ਤਾਪਮਾਨ ਵਿਚ ਵਾਧਾ ਹੋ ਜਾਂਦਾ ਹੈ ਅਤੇ ਮਿੱਟੀ ਵਿਚ ਨਮੀ ਘਟਦੀ ਹੈ ਤਾਂ ਮਿੱਟੀ ਦੇ ਤਾਪਮਾਨ ਵਿਚ ਵਾਧਾ ਹੋ ਜਾਂਦਾ ਹੈ। ਇਸ ਅਚਨਚੇਤ ਤਾਪਮਾਨ ਵਿਚ ਵਾਧਾ ਹੋਣ ਕਾਰਨ ਗਰਮੀ ਦੇ ਤਣਾਅ ਦੀ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਇਸ ਤਰੀਕੇ ਦੇ ਪੈਦਾ ਹੋਏ ਹਾਲਾਤਾਂ ਨੂੰ ਸੁਧਾਰਣ ਲਈ ਹੇਠ ਲਿਖੀਆਂ ਖਾਸ ਗੱਲਾਂ ਦਾ ਧਿਆਨ ਦੇਣਾ ਚਾਹੀਦਾ ਹੈ।

★ ਦਾਣੇ ਭਰਨ ਵੇਲੇ ਲੋੜ ਤੋਂ ਵੱਧ ਤਾਪਮਾਨ ਝਾੜ ਵਿਚ ਗਿਰਾਵਟ ਪੈਦਾ ਕਰਦਾ ਹੈ। ਇਸ ਤੋਂ ਬਚਾਅ ਲਈ ਸਮੇਂ ਸਿਰ ਬੀਜੀ ਕਣਕ ਨੂੰ, ਮੀਂਹ ਦਾ ਧਿਆਨ ਰੱਖਦੇ ਹੋਏ ਮਾਰਚ ਦੇ ਅਖੀਰ ਤੱਕ ਪਾਣੀ ਲਾਉਣਾ ਚਾਹੀਦਾ ਹੈ। ਸਿੰਚਾਈ ਉਸ ਵੇਲੇ ਕਰਨੀ ਚਾਹੀਦੀ ਹੈ ਜਦੋਂ ਹਵਾ ਨਾ ਵਗਦੀ ਹੋਵੇ ਨਹੀਂ ਤਾਂ ਫਸਲ ਦੇ ਡਿੱਗਣ ਦਾ ਡਰ ਬਣਿਆ ਰਹਿੰਦਾ ਹੈ।

★ ਲੇਟ (ਪੰਜ ਦਸੰਬਰ ਤੋਂ ਬਾਅਦ) ਬੀਜੀ ਕਣਕ ਨੂੰ 10 ਅਪ੍ਰੈਲ ਤੱਕ ਪਾਣੀ ਲਾਉਂਦੇ ਰਹਿਣਾ ਚਾਹੀਦਾ ਹੈ।

★ ਕਣਕ ਨੂੰ ਦਾਣੇ ਭਰਨ ਸਮੇਂ ਵੱਧ ਤਾਪਮਾਨ ਦੇ ਤਣਾਅ ਤੋਂ ਬਚਾਉਣ



ਲਈ ਅਤੇ ਝਾੜ 'ਚ ਵਾਧੇ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦੀ ਦੋ ਸਪਰੇਅ (4 ਕਿਲੋ ਪੋਟਾਸ਼ੀਅਮ ਨਾਈਟ੍ਰੇਟ 200 ਲੀਟਰ ਪਾਣੀ ਵਿਚ ਰਲਾ ਕੇ) ਕਰਨੀ ਚਾਹੀਦੀ ਹੈ। ਪਹਿਲੀ ਸਪਰੇ ਗੋਭ ਵਾਲਾ ਪੱਤਾ ਨਿਕਲਣ ਅਤੇ ਦੂਜੀ ਸਪਰੇ ਬੂਰ ਪੈਣ ਸਮੇਂ ਕਰਨੀ ਚਾਹੀਦੀ ਹੈ।

★ ਇਸ ਤੋਂ ਇਲਾਵਾ 15 ਗਰਾਮ ਸੈਲੀਸਿਲਕ ਏਸਿਡ ਨੂੰ 450 ਮਿਲੀ ਈਥਾਈਲ ਅਲਕੋਹਲ ਵਿਚ ਘੋਲਣ ਉਪਰੰਤ 200 ਲਿਟਰ ਪਾਣੀ ਵਿਚ ਘੋਲ ਕੇ ਪਹਿਲਾ ਛਿੜਕਾਅ ਗੋਭ ਵਾਲਾ ਪੱਤਾ ਨਿਕਲਣ ਸਮੇਂ ਅਤੇ ਦੂਸਰਾ ਸਿੱਟੇ ਵਿਚ ਦੁੱਧ ਪੈਣ ਸਮੇਂ ਕਰਨਾ ਚਾਹੀਦਾ ਹੈ। ਇਹਨਾਂ ਦੋਹਾਂ ਵਿਚੋਂ ਕੋਈ ਵੀ ਇਕ ਵਿਧੀ ਵਰਤਣੀ ਚਾਹੀਦੀ ਹੈ।

★ ਜੇਕਰ ਖੇਤ ਵਿਚ ਝੋਨੇ ਜਾਂ ਬਾਸਮਤੀ ਦੀ ਪਰਾਲੀ ਪਈ ਹੋਵੇ ਤਾਂ ਉਸਨੂੰ ਸਾੜਨਾ ਨਹੀਂ ਚਾਹੀਦਾ ਸਗੋਂ ਜ਼ਿਆਦਾ ਠੰਡ ਵਿਚ ਖੇਤ ਵਿਚ ਪਰਾਲੀ ਦੀ ਹੋਂਦ ਮਲਚ ਦਾ ਕੰਮ ਕਰਦੀ ਹੈ। ਇਹ ਮਲਚ ਲੋੜ ਤੋਂ ਘੱਟ ਤਾਪਮਾਨ ਦੇ ਬੁਰੇ ਪ੍ਰਭਾਵਾਂ ਤੋਂ ਫਸਲ ਨੂੰ ਬਚਾਉਂਦੀ ਹੈ। ਮਲਚ ਵਾਲੇ ਖੇਤਾਂ ਵਿਚ ਕਣਕ ਦਾ ਪੁੰਗਾਰਾ ਤੇ ਮੁੱਢਲਾ ਵਾਧਾ ਵਧੀਆ ਹੁੰਦਾ ਹੈ ਅਤੇ ਨਦੀਨਾਂ ਦੀ ਘਣਤਾ ਵੀ ਨਾ ਮਾਤਰ ਹੀ ਹੁੰਦੀ ਹੈ। ਜ਼ਿਆਦਾ ਠੰਡ ਵਿਚ ਮਲਚ ਸੂਰਜ ਦੀ ਗਰਮੀ ਵਿਚ ਨੂੰ ਸੰਭਾਲ ਕੇ ਰੱਖਦੀ ਹੈ ਅਤੇ ਧਰਤੀ ਦੀ ਪਰਤ ਉੱਪਰ ਇਕ ਨਿੱਘ ਬਣਾ ਕੇ ਰੱਖਦੀ ਹੈ।

★ ਤੁਪਕਾ ਸਿੰਚਾਈ ਅਤੇ ਫੁਹਾਰਾ ਸਿੰਚਾਈ ਵਿਧੀਆਂ ਵੀ ਮਿੱਟੀ ਦੇ ਤਾਪਮਾਨ ਅਤੇ ਨਮੀਂ ਨੂੰ ਸਥਿਰ ਰੱਖਣ ਵਿਚ ਮਦਦ ਕਰਦੀਆਂ ਹਨ ਅਤੇ ਉੱਚ ਤਾਪਮਾਨ ਦੇ ਤਣਾਅ ਦੇ ਪ੍ਰਭਾਵ ਨੂੰ ਘਟਾਉਣ ਵਿਚ ਸਹਾਇਕ ਹੁੰਦੀਆਂ ਹਨ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਸਿਫਾਰਸ਼ ਕੀਤੀਆਂ ਇਹਨਾਂ ਆਧੁਨਿਕ ਤਕਨੀਕਾਂ ਨੂੰ ਅਪਨਾ ਕੇ ਤੁਸੀਂ ਅਜਿਹੇ ਮੌਸਮੀ ਅਤੇ ਪਾਣੀ ਦੀ ਬਹੁਤਾਤ ਅਤੇ ਥੋੜ ਕਰਕੇ ਉਠੇ ਤਣਾਅ ਤੋਂ ਨਿਜਾਤ ਪਾ ਸਕਦੇ ਹੋ।

## ਠੰਢ ਜ਼ਿਆਦਾ ਵਧੇ, ਇਸ ਤੋਂ ਪਹਿਲਾਂ

# ਰਸੋਈ ਬਗੀਚੀ ਨੂੰ ਇਸ ਤਰ੍ਹਾਂ ਖਾਸ ਬਣਾਓ

ਨਵੰਬਰ/ਦਸੰਬਰ ਦੇ ਮਹੀਨੇ ਵਿਚ ਦੇਸ਼ ਵਿਚ ਜ਼ਿਆਦਾ ਹਿੱਸਿਆਂ ਵਿਚ ਰਸੋਈ ਬਗੀਚੀ ਵਿਚ ਜੋ ਸਬਜ਼ੀਆਂ ਉਗਾਈਆਂ ਜਾਂਦੀਆਂ ਹਨ, ਉਹ ਅਗਲੇ ਸਾਲ ਜਨਵਰੀ ਅੱਧ ਤੋਂ ਲੈ ਕੇ ਮਾਰਚ, ਅਪ੍ਰੈਲ ਤੱਕ ਬਹੁਤ ਖਾਧੀਆਂ ਜਾਂਦੀਆਂ ਹਨ । ਇਸ ਲਈ ਰਸੋਈ ਬਗੀਚੀ ਲਈ ਇਹ ਸਭ ਤੋਂ ਵਧੀਆ ਸਮਾਂ ਹੁੰਦਾ ਹੈ । ਸਵਾਲ ਹੈ



ਆਖਿਰ ਇਸ ਮੌਸਮ ਵਿਚ ਸਾਨੂੰ ਆਪਣੀ ਰਸੋਈ ਬਗੀਚੀ ਦਾ ਜ਼ਿਆਦਾ ਤੋਂ ਜ਼ਿਆਦਾ ਫਾਇਦਾ ਲੈਣ ਲਈ ਕਿਹੜੀਆਂ ਸਬਜ਼ੀਆਂ ਬੀਜਣੀਆਂ ਚਾਹੀਦੀਆਂ ਹਨ ?

ਜੇਕਰ ਤੁਹਾਡੇ ਘਰ ਵਿਚ 15×10 ਜਾਂ 10×10 ਫੁੱਟ ਜ਼ਮੀਨ ਵਿਚ ਰਸੋਈ ਬਗੀਚੀ ਹੈ ਤਾਂ ਯਕੀਨ ਮੰਨੋ ਨਾ ਸਿਰਫ ਤੁਸੀਂ ਖੁਸ਼ਕਿਸਮਤ ਹੋ, ਸਗੋਂ ਸਹੀ ਅਰਥਾਂ ਵਿਚ ਧਨਵਾਨ ਵੀ ਹੋ । ਇਸ ਲਈ ਇਸ 100 ਜਾਂ 150 ਵਰਗ ਫੁਟ ਦੀ ਰਸੋਈ ਬਗੀਚੀ ਦੀ ਭਰਪੂਰ ਵਰਤੋਂ ਕਰਨ ਨਾਲ ਇਨ੍ਹਾਂ ਮਹੀਨਿਆਂ ਵਿਚ ਤੁਸੀਂ ਫੁੱਲਗੋਭੀ, ਪੱਤਾਗੋਭੀ, ਬ੍ਰੋਕਲੀ, ਗਾਜਰ, ਮੂਲੀ, ਪਾਲਕ, ਧਨੀਆ, ਚੁਕੰਦਰ, ਸ਼ਲਗਮ, ਮੇਥੀ ਅਤੇ ਮਟਰ ਆਦਿ ਨੂੰ ਬੀਜ ਸਕਦੇ ਹੋ । ਪਰ ਇਥੇ ਇਹ ਜੋ ਏਨੀਆਂ ਸਬਜ਼ੀਆਂ ਦੱਸੀਆਂ ਗਈਆਂ ਹਨ, ਜ਼ਰੂਰੀ ਨਹੀਂ ਕਿ ਤੁਸੀਂ ਇਨ੍ਹਾਂ ਸਭ ਨੂੰ ਬੀਜੋ, ਆਪਣੀ ਪਸੰਦ ਨੂੰ ਪਹਿਲ ਦਿੰਦੇ ਅਤੇ ਉਪਲਬਧ ਜ਼ਮੀਨ ਦੀ ਧਿਆਨ ਵਿਚ ਰੱਖ ਕੇ ਬੀਜ ਸਕੋ, ਉਨੀਆਂ ਹੀ ਬੀਜੋ । ਕਿਉਂਕਿ ਨਵੰਬਰ ਦੀ ਸ਼ੁਰੂਆਤ ਵਿਚ ਗੁਲਾਬੀ ਠੰਢ ਸ਼ੁਰੂ ਹੋਣ ਤੋਂ ਬਾਅਦ ਤੇਜ਼ੀ ਨਾਲ ਮੌਸਮ ਬਦਲਦਾ ਹੈ ਅਤੇ ਉੱਪਰ ਜਿਨ੍ਹਾਂ ਸਬਜ਼ੀਆਂ ਦਾ ਜ਼ਿਕਰ ਹੈ, ਉਨ੍ਹਾਂ ਦਾ ਇਸ ਮੌਸਮ ਵਿਚ ਤੇਜ਼ੀ ਨਾਲ ਵਿਕਾਸ ਹੁੰਦਾ ਹੈ । ਪਰ ਉਸ ਤੋਂ ਪਹਿਲਾਂ ਤੁਹਾਨੂੰ ਕੁਝ ਕਰਨਾ ਹੋਵੇਗਾ ।

**ਫਸਲ ਦੀ ਤਿਆਰੀ** : ਜੇਕਰ ਤੁਸੀਂ ਮਹਾਂਨਗਰ ਵਿਚ ਰਹਿ ਰਹੇ ਹੋ ਅਤੇ 100 ਜਾਂ 150 ਵਰਗ ਫੁੱਟ ਵਰਗ ਫੁੱਟ ਦੀ ਜ਼ਮੀਨ ਵਾਲੀ ਤੁਹਾਡੇ ਕੋਲ ਬਗੀਚੀ ਹੈ ਤਾਂ ਯਕੀਨੀ ਤੌਰ 'ਤੇ ਤੁਸੀਂ ਖਾਸ ਹੋ ਅਤੇ ਇਸ ਦਾ ਫਾਇਦਾ ਤੁਹਾਨੂੰ ਮਿਲਣਾ ਹੀ ਚਾਹੀਦਾ ਹੈ, ਤਾਂ ਨਵੰਬਰ ਮਹੀਨੇ ਵਿਚ ਰਸੋਈ ਬਗੀਚੀ ਦਾ ਜ਼ਿਆਦਾਤਰ ਲਾਭ ਲੈਣ ਲਈ ਕੁਝ ਇਸ ਤਰ੍ਹਾਂ ਨਾਲ ਇਸ ਦਾ ਪ੍ਰਬੰਧਨ ਕਰਨਾ ਚਾਹੀਦਾ ਹੈ :

ਰਸੋਈ ਬਗੀਚੀ ਦੀ ਮਿੱਟੀ ਨੂੰ ਚੰਗੀ ਤਰ੍ਹਾਂ ਤਿਆਰ ਕਰ ਲਓ । ਇਸ ਤਰ੍ਹਾਂ ਕਰਨ ਲਈ ਇਸ ਵਿਚ ਜੈਵਿਕ ਖਾਦ, ਵਰਮਿੰਗ ਕੰਪੋਸਟ ਮਿਲਾਓ ਤਾਂ ਕਿ

ਅਨੂ ਆਰ.

ਬੂਟਿਆਂ ਨੂੰ ਸ਼ੁਰੂ ਤੋਂ ਹੀ ਸਹੀ ਊਰਜਾ ਹਾਸਿਲ ਹੋ ਸਕੇ । ਦੂਜਾ ਮਹੱਤਵਪੂਰਨ ਸਬਕ ਇਸ ਮਹੀਨੇ ਲਈ ਇਹ ਹੈ ਕਿ ਸ਼ੁਰੂ ਵਿਚ ਭਾਵੇਂ ਲੱਗੇ ਕਿ ਹਾਲੇ ਤਾਂ ਠੰਢ ਸ਼ੁਰੂ ਹੋ ਰਹੀ ਹੈ, ਪਰ ਕਈ ਵਾਰ ਇਕ ਝਟਕੇ ਵਿਚ ਹੀ ਨਵੰਬਰ ਅੱਧ ਤੋਂ ਉੱਤਰ ਭਾਰਤ ਵਿਚ ਕੜਾਕੇ ਦੀ ਠੰਢ ਪੈਣ ਲਗਦੀ ਹੈ । ਇਸ ਲਈ ਆਪਣੀ ਰਸੋਈ ਬਗੀਚੀ ਦੇ ਬੂਟਿਆਂ ਨੂੰ ਪਾਲੇ ਅਤੇ ਸਰਦੀ ਤੋਂ ਬਚਾਉਣ ਲਈ ਉਸ ਲਈ ਵੱਟਾਂ 'ਤੇ ਬੀਜੀਆਂ ਗਈਆਂ ਸਬਜ਼ੀਆਂ ਦੇ ਬੀਜਾਂ ਜਾਂ ਪੁੰਗਰੇ ਬੂਟਿਆਂ ਨੂੰ ਢੱਕ ਕੇ ਰੱਖੋ । ਇਸ ਦੌਰਾਨ ਕੁਦਰਤੀ ਕੀਟਨਾਸ਼ਕਾਂ ਦੀ ਵਰਤੋਂ ਨਾ ਕਰੋ ਜਿਵੇਂ ਨਿੰਮ ਦਾ ਤੇਲ, ਅਦਰਕ, ਲਸਣ ਦਾ ਅਰਕ ਆਦਿ । ਇਸ ਦੇ ਨਾਲ ਹੀ ਠੰਢ ਕਾਰਨ ਜ਼ਿਆਦਾ ਪਾਣੀ ਦੀ ਜ਼ਰੂਰਤ ਨਹੀਂ ਹੁੰਦੀ । ਇਸ ਲਈ ਸ਼ੁਰੂ-ਸ਼ੁਰੂ ਵਿਚ ਉੱਗ ਰਹੇ ਬੂਟਿਆਂ ਦੀ ਸਿੰਜਾਈ ਬਹੁਤ ਸਾਵਧਾਨੀ ਨਾਲ ਕਰੋ, ਉਸ ਵਿਚ ਪਾਣੀ ਇਕੱਠਾ ਨਹੀਂ ਹੋਣਾ ਚਾਹੀਦਾ ਅਤੇ ਸੂਰਜ ਦੀ ਰੌਸ਼ਨੀ ਰਸੋਈ ਬਗੀਚੀ ਨੂੰ ਸਹੀ ਮਾਤਰਾ ਵਿਚ ਮਿਲੇ, ਇਹ ਬਹੁਤ ਜ਼ਰੂਰੀ ਹੈ । ਅਸਲ ਵਿਚ ਠੰਢ ਦੇ ਮੌਸਮ ਵਿਚ ਬੂਟਿਆਂ ਦੇ ਪੋਸ਼ਣ ਲਈ ਸੂਰਜ ਦੀ ਰੌਸ਼ਨੀ ਬਾਕੀ ਕਿਸੇ ਵੀ ਚੀਜ਼ ਮੁਕਾਬਲੇ ਕਿਤੇ ਜ਼ਿਆਦਾ ਜ਼ਰੂਰੀ ਹੁੰਦੀ ਹੈ ।

**ਬੀਜਣ ਤੋਂ ਪਹਿਲਾਂ ਮਿੱਟੀ ਵੱਲ ਧਿਆਨ ਦਿਓ** : ਜੀ ਹਾਂ, ਨਵੰਬਰ ਵਿਚ ਜਦੋਂ ਆਪਣੀ ਰਸੋਈ ਬਗੀਚੀ ਵਿਚ ਤੁਸੀਂ ਨਵੇਂ ਬੂਟਿਆਂ ਨੂੰ ਬੀਜੋ ਜਾਂ ਉਨ੍ਹਾਂ ਦੀ ਨਰਸਰੀ ਲਗਾਓ ਤਾਂ ਉਸ ਤੋਂ ਪਹਿਲਾਂ



ਜ਼ਰੂਰੀ ਹੈ ਕਿ ਤੁਸੀਂ ਆਪਣੀ ਰਸੋਈ ਬਗੀਚੀ ਦੀ ਮਿੱਟੀ ਦੇ ਬੂਟਿਆਂ ਦੇ ਬਿਹਤਰ ਵਿਕਾਸ ਲਈ ਤਿਆਰ ਕਰੋ । ਦਰਅਸਲ ਨਵੰਬਰ ਵਿਚ ਬਿਜਾਈ ਤੋਂ ਪਹਿਲਾਂ ਰਸੋਈ ਬਗੀਚੀ ਦੀ ਮਿੱਟੀ ਨੂੰ ਚੰਗੀ ਤਰ੍ਹਾਂ ਨਾਲ ਤਿਆਰ ਕਰਨਾ ਜ਼ਰੂਰੀ ਹੁੰਦਾ ਹੈ ਜਿਵੇਂ-ਸਭ ਤੋਂ ਪਹਿਲਾਂ ਮਿੱਟੀ ਨੂੰ ਚੰਗੀ ਤਰ੍ਹਾਂ ਨਾਲ ਪਲਟ ਕੇ ਮੁਲਾਇਮ ਅਤੇ ਹਵਾਦਾਰ ਬਣਾ ਦਿਓ । ਇਹ ਜੜ੍ਹਾਂ ਦੇ ਵਿਕਾਸ ਲਈ ਜ਼ਰੂਰੀ ਹੁੰਦਾ ਹੈ । ਫਿਰ ਖਾਦ ਪਾ ਦਿਓ, ਮਿੱਟੀ ਵਿਚ ਜੈਵਿਕ ਖਾਦਾਂ ਜਿਵੇਂ ਕਿ ਗੋਹਾ ਜਾਂ ਵਰਮਿੰਗ ਕੰਪੋਸਟ ਮਿਲਾ ਕੇ ਲਗਾਓ ਤਾਂ ਉੱਗੇ ਬੂਟਿਆਂ ਨੂੰ ਭਰਪੂਰ ਊਰਜਾ ਮਿਲਦੀ ਹੈ । ਇਸ ਦੇ ਨਾਲ ਹੀ ਲਗਾਏ ਗਏ ਜਾਂ ਉਗਾਏ ਗਏ ਬੂਟਿਆਂ ਦਾ ਪੀ.ਐੱਚ. ਪੱਧਰ ਵੀ ਜਾਣਨਾ ਜ਼ਰੂਰੀ ਹੁੰਦਾ ਹੈ । ਇਸ ਤਰ੍ਹਾਂ ਕਰਨ ਨਾਲ ਬੂਟੇ ਤੇਜ਼ੀ ਨਾਲ ਵਧਦੇ ਹਨ ਅਤੇ ਬਹੁਤ ਸਿਹਤਮੰਦ ਫਲ ਦਿੰਦੇ ਹਨ । ਸਬਜ਼ੀਆਂ ਦੇ ਮਾਮਲੇ ਵਿਚ ਵੀ ਇਹ ਮੌਸਮ ਬਹੁਤ ਅਨੁਕੂਲ ਹੁੰਦਾ ਹੈ । ਬ੍ਰੋਕਲੀ ਤੋਂ ਇਲਾਵਾ ਪੱਤਾਗੋਭੀ, ਫੁੱਲਗੋਭੀ, ਪਾਲਕ, ਮੇਥੀ ਅਤੇ ਸਰ੍ਹੋਂ, ਗਾਜਰ, ਮੂਲੀ ਅਤੇ ਚੁਕੰਦਰ ਵੀ ਇਸ ਮੌਸਮ ਦੀਆਂ ਸਬਜ਼ੀਆਂ ਵਿਚ ਸ਼ੁਮਾਰ ਹੁੰਦੇ ਹਨ । ਨਾਲ ਹੀ ਗਾਜਰ, ਮੂਲੀ ਅਤੇ ਚੁਕੰਦਰ ਵੀ ਮਹੱਤਵਪੂਰਨ ਹੁੰਦੇ ਹਨ । ਕੁੱਲ ਮਿਲਾ ਕੇ ਇਹ ਸਬਜ਼ੀਆਂ ਦਸੰਬਰ ਅਤੇ ਉਸ ਤੇ ਅਖੀਰ ਵਿਚ ਭਰਪੂਰ ਰੂਪ ਵਿਚ ਮਿਲਦੀਆਂ ਹਨ । ਇਸ ਲਈ ਸਰਦੀਆਂ ਵਧਣ ਤੋਂ ਪਹਿਲਾਂ ਹੀ ਆਪਣੀ ਰਸੋਈ ਬਗੀਚੀ ਵਿਚ ਬੂਟਿਆਂ ਦੀ ਸਥਿਤੀ ਅਤੇ ਉਨ੍ਹਾਂ ਦੇ ਵਿਕਾਸ ਦਾ ਸਹੀ ਤੌਰ-ਤਰੀਕਾ ਜਾਣ ਲੈਣਾ ਚਾਹੀਦਾ ਹੈ ।

# ਕਿਸਾਨ ਭਰਾਵਾਂ ਲਈ ਖੇਤੀ

**ਕਣਕ** : ਸੇਂਜੂ ਹਾਲਤਾਂ ਵਿਚ ਪਿਛੇਤੀ ਬਿਜਾਈ ਲਈ ਪੀ ਬੀ ਡਬਲਯੂ 752, ਪੀ ਬੀ ਡਬਲਯੂ-771 ਅਤੇ ਪੀ ਬੀ ਡਬਲਯੂ-757 ਕਿਸਮਾਂ ਦੀ ਕਾਸ਼ਤ ਕਰੋ । ਬਿਜਾਈ ਵੇਲੇ 55 ਕਿੱਲੋ ਡੀ ਏ ਪੀ ਜਾਂ 155 ਕਿਲੋ ਸਿੰਗਲ



ਸੁਪਰਫਾਸਫੇਟ ਪ੍ਰਤੀ ਏਕੜ ਪਾਓ । ਜੇਕਰ ਫਾਸਫੋਰਸ ਲਈ ਡੀ ਏ ਪੀ ਖਾਦ ਵਰਤੀ ਹੈ ਤਾਂ ਬਿਜਾਈ ਸਮੇਂ ਯੂਰੀਆ ਦੀ ਲੋੜ ਨਹੀਂ । ਜੇਕਰ ਸਿੰਗਲ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿਲੋ ਯੂਰੀਆ ਪ੍ਰਤੀ ਏਕੜ ਬਿਜਾਈ ਸਮੇਂ ਪਾਓ । ਗੁੱਲੀ ਡੰਡੇ ਦੀ ਰੋਕਥਾਮ ਲਈ ਸਟੌਂਪ 30 ਈ ਸੀ (ਪੈਂਡੀਮੈਥਾਲਿਨ) 1.5 ਲਿਟਰ ਜਾਂ ਅਵਕੀਰਾ/ਮੈਮੀਜੀ 85 ਡਬਲਯੂ ਜੀ (ਪਾਈਰੋਕਸਾਸਲਫੋਨ) 60 ਗ੍ਰਾਮ ਜਾਂ ਪਲੇਟਫਾਰਮ 385 ਐਸ ਈ (ਪੈਂਡੀਮੈਥਾਲਿਨ +ਮੈਟਰੀਬਿਊਜ਼ਿਨ) 1.0 ਲਿਟਰ ਜਾਂ ਦਕਸ਼ ਪਲੱਸ 48 ਈ ਸੀ (ਪੈਂਡੀਮੈਥਾਲਿਨ +ਮੈਟਰੀਬਿਊਜ਼ਿਨ) 900 ਮਿਲੀਲਿਟਰ ਪ੍ਰਤੀ ਏਕੜ ਵਰਤੋਂ ਇਹਨਾਂ ਵਿੱਚੋਂ ਕਿਸੇ ਇਕ ਨਦੀਨਨਾਸ਼ਕ ਦਾ ਛਿੜਕਾਅ ਬਿਜਾਈ ਤੋਂ 2 ਦਿਨਾਂ ਦੇ ਅੰਦਰ ਅੰਦਰ 200 ਲਿਟਰ ਪਾਣੀ ਵਰਤ ਕੇ ਕਰੋ । ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 45 ਕਿਲੋ ਯੂਰੀਆ/ਏਕੜ ਪਾਓ । ਮੈਗਨੀਜ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ 0.5% ਮੈਗਨੀਜ਼ ਸਲਫੇਟ (ਇੱਕ ਕਿੱਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਸਪਰੇਅ ਪਹਿਲੇ ਪਾਣੀ ਤੋਂ 2-4 ਦਿਨ ਪਹਿਲਾਂ ਅਤੇ 3 ਸਪਰੇਅ ਹਫਤੇ-ਹਫਤੇ ਦੇ ਫਰਕ ਤੇ ਕਰੋ ।

**ਦਾਲਾਂ** : ਛੋਲਿਆਂ ਅਤੇ ਮਸਰਾਂ ਵਿਚ ਨਦੀਨਾਂ ਦੀ ਰੋਕਥਾਮ ਲਈ ਗੋਡੀ ਕਰੋ । ਸਮੇਂ ਸਿਰ ਬੀਜੀ ਛੋਲਿਆਂ ਦੀ ਫਸਲ ਨੂੰ ਅੱਧ ਦਸੰਬਰ ਦੇ ਆਸ-ਪਾਸ ਪਾਣੀ ਦੇ ਦਿਓ ਜਦ ਕਿ ਮਸਰਾਂ ਦੀ ਬਿਜਾਈ ਦੇ ਇਕ ਮਹੀਨਾ ਬਾਅਦ ਪਾਣੀ ਦਿਓ ।

**ਕਮਾਦ** : ਫਸਲ ਨੂੰ ਕੋਰੇ ਤੋਂ ਬਚਾਉਣ ਲਈ ਅੱਧ ਦਸੰਬਰ ਤੱਕ ਪਾਣੀ ਦਿਓ । ਅਗੇਤੀਆਂ ਕਿਸਮਾਂ ਨੂੰ ਪੀੜਨ ਅਤੇ ਕਟਾਈ (ਮਿੱਲਾਂ ਵਿਚ ਭੇਜਣ ਲਈ) ਸ਼ੁਰੂ ਕਰ ਦਿਓ । ਕਟਾਈ ਖਤਮ ਹੁੰਦਿਆਂ ਸਾਰ ਹੀ ਖੇਤ ਨੂੰ ਪਾਣੀ ਦੇ ਦਿਉ ।

**ਤੇਲ ਬੀਜ** : ਰਾਇਆ ਅਤੇ ਅਫਰੀਕਨ ਸਰ੍ਹੋਂ ਦੀ ਬਿਜਾਈ 15 ਨਵੰਬਰ ਤੱਕ ਪੂਰੀ ਕਰ ਲੈਣੀ ਚਾਹੀਦੀ ਹੈ । ਗੋਭੀ ਸਰ੍ਹੋਂ ਦੀ ਪਿਛੇਤੀ ਬਿਜਾਈ ਨਾਲੋਂ ਪਨੀਰੀ ਰਾਹੀਂ ਫਸਲ ਜ਼ਿਆਦਾ ਲਾਹੇਵੰਦ ਹੈ । ਪਨੀਰੀ ਰਾਹੀਂ ਗੋਭੀ ਸਰ੍ਹੋਂ ਬੀਜਣ ਲਈ ਕਨੋਲਾ ਕਿਸਮ ਦੀ 30 ਦਿਨਾਂ ਦੀ ਉਮਰ ਦੀ ਪਨੀਰੀ ਵਰਤੋ । ਅਗੇਤੀ ਬੀਜੀ ਰਾਇਆ ਦੀ ਫਸਲ ਨੂੰ ਪਹਿਲੇ ਪਾਣੀ ਨਾਲ 45 ਕਿਲੋ ਯੂਰੀਆ ਪਾਓ । ਪਿਛੇਤੀ ਬੀਜੀ (ਨਵੰਬਰ-ਦਸੰਬਰ) ਜਾਣ ਵਾਲੀ ਗੋਭੀ ਸਰ੍ਹੋਂ/ਅਫਰੀਕਨ ਸਰ੍ਹੋਂ ਨੂੰ 25 ਪ੍ਰਤੀਸ਼ਤ ਨਾਈਟ੍ਰੋਜਨ ਘੱਟ ਪਾਓ ।

**ਬਰਸੀਮ** : ਬਰਸੀਮ ਦੀ ਪਹਿਲੀ ਕਟਾਈ ਕਰ ਲਵੋ । ਰੇਤਲੀ ਜ਼ਮੀਨ ਵਿਚ ਮੈਗਨੀਜ਼ ਸਲਫੇਟ ਦੀ ਘਾਟ ਵਾਲੀ ਫਸਲ ਤੇ ਕਟਾਈ ਤੋਂ 2 ਹਫਤੇ ਬਾਅਦ 0.5% ਮੈਗਨੀਜ਼ ਸਲਫੇਟ (ਇਕ ਕਿਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ) ਦਾ ਛਿੜਕਾਅ ਕਰੋ ।

**ਸਬਜ਼ੀਆਂ** : ਮਿਰਚ ਅਤੇ ਬੈਂਗਣ ਦੀ ਪਨੀਰੀ ਦੀ ਬਿਜਾਈ ਕਰੋ ਜੋ ਕਿ ਫਰਵਰੀ-ਮਾਰਚ ਵਿਚ ਟ੍ਰਾਂਸਪਲਾਂਟ ਕੀਤੀ ਜਾਣੀ ਹੈ । ਅਕਤੂਬਰ ਵਿਚ ਬੀਜੇ ਗਏ ਟਮਾਟਰ ਅਤੇ ਬੈਂਗਣ ਦੇ ਬੂਟਿਆਂ ਦੀ ਲੁਆਈ ਸ਼ੁਰੂ ਕਰੋ । ਇਹ ਸਮਾਂ ਹਾੜ੍ਹੀ ਦੇ ਪਿਆਜ਼ ਦੀਆਂ ਕਿਸਮਾਂ ਜਿਵੇਂ ਪੀ ਆਰ ਓ-7, ਪੰਜਾਬ ਨਰੋਆ, ਪੀ. ਵਾਈ. ਓ.-1, ਪੀ.ਡਬਲਯੂ. ਓ.-2 ਅਤੇ ਹਾਈਬ੍ਰਿਡ ਪੀ ਓ ਐੱਚ-1 ਦੀ ਬਿਜਾਈ ਲਈ ਢੁੱਕਵਾਂ ਹੈ । ਮਟਰ ਦੀਆਂ ਮੁੱਖ ਸਮੇਂ ਦੀਆਂ ਕਿਸਮਾਂ ਜਿਵੇਂ ਪੰਜਾਬ-89, ਮਿੱਠੀ ਫਲੀ ਅਤੇ ਗਾਜਰ ਦੀਆਂ ਯੂਰਪੀਅਨ ਕਿਸਮਾਂ ਦੀ ਬਿਜਾਈ ਦਾ ਵੀ ਢੁੱਕਵਾਂ ਸਮਾਂ ਹੈ । ਆਲੂ ਦੀ ਫਸਲ ਦੀ ਬਿਜਾਈ ਲਈ ਰੋਗ ਮੁਕਤ ਸਿਹਤਮੰਦ ਬੀਜ ਦੀ ਵਰਤੋਂ ਕਰੋ । ਬਲੈਕ ਸਕ੍ਰਫ ਦੀ ਜਾਂਚ ਕਰਨ ਲਈ ਬੀਜ ਨੂੰ 100 ਲਿਟਰ ਪਾਣੀ ਵਿਚ ਸਿਸਟੀਵਾ @ 80 ਮਿਲੀਲਿਟਰ ਜਾਂ ਐਮੇਸਟੋ ਪ੍ਰਾਈਮ @ 83 ਮਿਲੀਲਿਟਰ ਜਾਂ ਮੋਨਸਰੇਨ @ 250 ਮਿਲੀਲਿਟਰ ਨਾਲ ਰੋਗਾਣੂ ਮੁਕਤ ਕਰੋ । ਆਉਣ ਵਾਲੇ 3-4 ਦਿਨ ਖੁਸ਼ਕ ਮੌਸਮ ਦੇਖਦੇ ਹੋਏ ਸਬਜ਼ੀਆਂ



ਦੀ ਸਿੰਚਾਈ ਲੋੜ ਅਨੁਸਾਰ ਕਰੋ । ਫੁੱਲਗੋਭੀ ਦੀ ਮੁੱਖ ਸਮੇਂ ਲਈ ਸਿਫਾਰਸ਼ ਕੀਤੀਆਂ ਕਿਸਮਾਂ ਦੀ ਪਨੀਰੀ ਮੁੱਖ ਖੇਤ ਵਿਚ ਲਗਾਓ । ਸਰਦੀਆਂ ਦੀਆਂ ਸਬਜ਼ੀਆਂ ਜਿਵੇਂ ਕਿ ਮੂਲੀ, ਗਾਜਰ, ਸ਼ਲਗਮ, ਪਾਲਕ ਆਦਿ ਦੀ ਬਿਜਾਈ ਸ਼ੁਰੂ ਕੀਤੀ ਜਾ ਸਕਦੀ ਹੈ । ਗੋਭੀ ਦੀਆਂ ਅਗੇਤੀਆਂ ਕਿਸਮਾਂ ਦੇ ਬੀਜਾਂ ਦੀ ਬਿਜਾਈ ਮੁੱਖ ਖੇਤ ਵਿਚ ਕੀਤੀ ਜਾ ਸਕਦੀ ਹੈ । ਵੇਲਾਂ ਵਾਲੀਆਂ ਸਬਜ਼ੀਆਂ ਨੂੰ ਸਹਾਰਾ ਦਿਓ ਪਰ ਇਸ ਗੱਲ ਦਾ ਧਿਆਨ ਰੱਖੋ ਕਿ ਵੇਲਾਂ ਨੂੰ ਕੋਈ ਨੁਕਸਾਨ ਨਾ ਪਹੁੰਚੇ ।

**ਬਾਗਬਾਨੀ** : ਪੱਤਝੜ ਵਾਲੇ ਬੂਟਿਆਂ ਜਿਵੇਂ ਕਿ ਆੜੂ, ਅਲੂਚਾ, ਨਾਖ, ਅੰਗੂਰ ਆਦਿ ਦਾ ਪਾਣੀ ਰੋਕ ਦਿਓ ਤਾਂ ਕਿ ਸਰਦੀ ਆਉਣ ਤੋਂ ਪਹਿਲਾਂ ਇਹ ਬੂਟੇ ਨੀਂਦਰ ਅਵਸਥਾ ਵਿਚ ਆ ਜਾਣ ਤੇ ਠੰਡ ਤੋਂ ਵੀ ਬਚ ਸਕਣ । ਨਵੰਬਰ ਦੇ ਇਹਨਾਂ ਦਿਨਾਂ ਸਦਾ ਹਰੇ ਰਹਿਣ ਵਾਲੇ ਛੋਟੇ ਬੂਟਿਆਂ ਉੱਪਰ ਖਾਸ ਕਰਕੇ ਨਵੇਂ ਲਗਾਏ ਬੂਟਿਆਂ ਨੂੰ ਠੰਡ ਤੋਂ ਵੀ ਬਚਾਉਣ ਲਈ ਕੁੱਲੀਆਂ ਬਣਾਉਣ ਦੀ ਤਿਆਰੀ ਕਰ ਲਵੋ । ਇਹ ਕੁੱਲੀਆਂ ਸਰਕੰਡੇ, ਕਮਾਦ ਦੀ ਖੋਰੀ, ਮੱਕੀ ਦੇ ਟਾਂਡਿਆਂ ਆਦਿ ਦੀਆਂ ਬਣਾਈਆਂ ਜਾ ਸਕਦੀਆਂ ਹਨ । ਇਹ ਕੁੱਲੀਆਂ ਦੱਖਣ-ਪੱਛਮੀ ਪਾਸੇ ਵੱਲੋਂ ਖੁੱਲੀਆਂ ਰੱਖੋ ਤਾਂ ਕਿ ਪੌਦਿਆਂ ਨੂੰ ਧੁੱਪ ਲਗ ਸਕੇ । ਬੇਰਾਂ ਦੇ ਬਾਗਾਂ ਨੂੰ ਪਾਣੀ ਜ਼ਰੂਰ ਦਿਉ ਤੇ ਜ਼ਮੀਨ ਨੂੰ ਖੁਸ਼ਕ ਨਾ ਹੋਣ ਦਿਓ । ਸਰਦੀਆਂ ਵਿਚ 3-4 ਹਫਤੇ ਬਾਅਦ ਪਾਣੀ ਦਿੰਦੇ ਰਹੋ । ਬੇਰਾਂ ਦੇ ਫਲਾਂ ਦਾ ਕੇਰਾ ਰੋਕਣ ਲਈ ਨੈਫਥਲੀਨ ਐਸਟਿਕ ਐਸਿਡ (ਐਨ.ਏ.ਏ.) ਨੂੰ 15 ਗ੍ਰਾਮ ਪ੍ਰਤੀ 500 ਲਿਟਰ ਦੇ ਹਿਸਾਬ ਨਾਲ ਪ੍ਰਤੀ ਏਕੜ ਰਕਬੇ ਤੇ ਛਿੜਕੋ । ਨੈਫਥਲੀਨ ਐਸਟਿਕ ਐਸਿਡ ਨੂੰ ਪਹਿਲਾਂ ਥੋੜੀ ਜਿਹੀ ਅਲਕੋਹਲ ਵਿਚ ਘੋਲ ਲਵੋ ਅਤੇ ਫਿਰ ਪਾਣੀ ਵਿਚ ਮਿਲਾਉ । ਡੇਜ਼ੀ ਸੰਤਰੇ ਦੇ ਫਲਾਂ ਦੀ ਤੁੜਾਈ ਦਾ ਕੰਮ ਫਲਾਂ ਦੇ ਪਕਾਅ ਦੇ ਹਿਸਾਬ ਨਾਲ ਸ਼ੁਰੂ ਕਰ ਦਿਓ ।

**ਪਸ਼ੂ ਪਾਲਣ** : ਸਰਦੀਆਂ ਵਿਚ ਪਸ਼ੂਆਂ ਨੂੰ ਠੰਡੀ ਹਵਾ ਤੋਂ ਬਚਾਉਣਾ ਚਾਹੀਦਾ ਹੈ ਕਿਉਂਕਿ ਘੱਟ ਤਾਪਮਾਨ ਨਾ ਸਿਰਫ ਪਸ਼ੂਆਂ ਦੀ ਸਿਹਤ ਲਈ ਹਾਨੀਕਾਰਕ ਹੈ ਸਗੋਂ ਇਹ ਪਸ਼ੂ ਦੀ ਦੁੱਧ ਦੇਣ ਦੀ ਸਮਰੱਥਾ ਤੇ ਵੀ ਅਸਰ ਪਾਉਂਦਾ ਹੈ । ਸੋ ਸਰਦੀ ਵਿਚ ਪਸ਼ੂਆਂ ਨੂੰ ਧੁੱਪ ਦਾ ਆਨੰਦ ਲੈਣ ਦਿਉ ਅਤੇ ਦਿਨ ਵੇਲੇ ਢਾਰਿਆਂ ਦੀਆਂ ਖਿੜਕੀਆਂ ਖੋਲ ਦਿਓ ਤਾਂ ਜੋ ਸ਼ੈਡਾਂ ਵਿਚ ਜ਼ਿਆਦਾ ਨਮੀਂ ਨਾ ਇਕੱਠੀ ਹੋਵੇ । ਠੰਡ ਤੋਂ ਬਚਾਉ ਲਈ ਪਸ਼ੂਆਂ ਨੂੰ ਖੁਰਾਕ ਦੀ ਵੱਧ ਲੋੜ ਪੈਂਦੀ ਹੈ ਤਾਂ ਜੋ ਠੰਡ ਦਾ ਟਾਕਰਾ ਕੀਤਾ ਜਾ ਸਕੇ ਅਤੇ ਬਿਮਾਰੀ ਤੋਂ ਬਚਿਆ ਜਾਵੇ । ਸਰਦੀਆਂ ਵਾਲੀ ਵੰਡ ਵਿਚ ਜ਼ਿਆਦਾ ਤਾਕਤ ਵਾਲੇ ਖੁਰਾਕੀ ਪਦਾਰਥ ਜਿਵੇ ਕਿ ਦਾਣੇ ਦੀ ਵੱਧ ਤੋਂ ਵੱਧ ਵਰਤੋਂ ਕਰੋ ।

# ਆਮਦਨ ਵਾਧੇ ਲਈ ਖੇਤੀ ਅਤੇ ਪੇਸ਼ਾਵਰ ਵੰਨ-ਸਵੰਨਤਾ



ਡਾ. ਸ ਸ ਛੀਨਾ

**ਪੰਜਾਬ ਵਿਚ ਵੱਖ-ਵੱਖ ਰੁੱਤਾਂ ਅਤੇ ਜਲਵਾਯੂ ਦੀ ਅਨੁਕੂਲਤਾ ਅਨੁਸਾਰ ਹਰ ਤਰ੍ਹਾਂ ਦੀਆਂ ਫਸਲਾਂ ਹੋ ਸਕਦੀਆਂ ਹਨ ਅਤੇ ਕਈ ਫਸਲਾਂ ਝੋਨੇ ਤੋਂ ਵੀ ਜ਼ਿਆਦਾ ਲਾਭਦਾਇਕ ਹੋ ਸਕਦੀਆਂ ਹਨ ਪਰ ਸਰਕਾਰ ਦੇ ਯਕੀਨੀ ਮੰਡੀਕਰਨ ਦੀ ਅਣਹੋਂਦ ਕਰਕੇ ਵਪਾਰੀ ਕਿਸਾਨ ਦਾ ਸ਼ੋਸ਼ਣ ਕਰਦੇ ਹਨ ਅਤੇ ਛੋਟਾ ਕਿਸਾਨ ਕਦੀ ਵੀ ਇਸ ਤਰ੍ਹਾਂ ਦਾ ਜੋਖਮ ਨਹੀਂ ਉਠਾ ਸਕਦਾ ਕਿਉਂ ਜੋ ਉਸ ਦੇ ਪਰਿਵਾਰ ਦਾ ਜੀਵਨ ਉਸ ਛੋਟੀ ਜਿਹੀ ਜੋਤ 'ਤੇ ਨਿਰਭਰ ਕਰਦਾ ਹੈ।**

ਪੰਜਾਬ ਦੀਆਂ ਭਖਦੀਆਂ ਸਮੱਸਿਆਵਾਂ ਹਨ-ਭੂਮੀ 'ਤੇ ਵੱਸੋਂ ਦਾ ਭਾਰ ਜਿਸ ਕਰ ਕੇ ਪੰਜਾਬੀ ਰੁਜ਼ਗਾਰ ਖਾਤਰ ਜ਼ਮੀਨ ਜਾਇਦਾਦਾਂ ਵੇਚ ਕੇ ਵਿਕਸਤ ਦੇਸ਼ਾਂ ਵੱਲ ਜਾ ਰਹੇ ਹਨ; ਪੰਜਾਬ ਦੇ ਝੋਨੇ ਕਣਕ ਦੇ ਫਸਲੀ ਚੱਕਰ ਕਰ ਕੇ 60 ਫੀਸਦੀ ਖੇਤੀ ਟਿਊਬਵੈੱਲਾਂ ਨਾਲ ਕੀਤੀ ਜਾ ਰਹੀ ਹੈ ਜਿਸ ਕਰ ਕੇ ਪਾਣੀ ਦਾ ਪੱਧਰ ਦਿਨ-ਬਦਿਨ ਨੀਵਾਂ ਹੋ ਰਿਹਾ ਹੈ ਤੇ ਡਰ ਹੈ ਕਿ ਸਬਮਰਸੀਬਲ ਪੰਪਾਂ ਨਾਲ ਕੱਢਿਆ ਜਾਂਦਾ ਪਾਣੀ ਮਿਲਣਾ ਜੇ ਖਤਮ ਹੋ ਗਿਆ ਤਾਂ ਫਿਰ ਕੀ ਬਣੇਗਾ ? ਕਿਸਾਨੀ ਦੇ ਹਿਸਾਬ ਨਾਲ ਪੰਜਾਬ ਭਾਵੇਂ ਦੇਸ਼ ਭਰ ਦਾ ਸਭ ਤੋਂ ਵਿਕਸਤ ਪ੍ਰਾਂਤ ਹੈ, ਫਿਰ ਵੀ ਕਰਜ਼ੇ ਅਧੀਨ ਕਿਸਾਨਾਂ ਦੀ ਅਨੁਪਾਤ ਅਤੇ ਕਰਜ਼ੇ ਦੀ ਔਸਤ ਮਾਤਰਾ ਪੰਜਾਬ ਵਿਚ ਹੀ ਸਭ ਤੋਂ ਵੱਧ ਹੈ। 5 ਏਕੜ ਵਾਲਾ ਕਿਸਾਨ ਆਪਣੀ ਖੇਤੀ ਵਿਚੋਂ ਘਰ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦਾ ਅਤੇ ਕਰਜ਼ਾ ਲੈਣ ਲਈ ਮਜਬੂਰ ਹੈ। ਦੇਸ਼ ਵਿਚ ਭਾਵੇਂ ਸਾਖਰਤਾ ਦੀ ਦਰ 74 ਫੀਸਦੀ ਹੈ ਪਰ ਪੰਜਾਬ ਵਿਚ ਪਿਛਲੇ ਕਈ ਸਾਲਾਂ ਤੋਂ ਇਹ 72 ਫੀਸਦੀ ਹੈ। ਇਸ ਦਾ ਅਰਥ ਹੈ 100 ਵਿਚੋਂ 28 ਉਹ ਵਿਦਿਆਰਥੀ ਹਨ ਜਿਹੜੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿਦਿਆ ਛੱਡ ਜਾਂਦੇ ਹਨ।

ਖੇਤੀ ਸਮੱਸਿਆਵਾਂ ਨੂੰ ਦੇਖਦੇ ਹੋਏ ਪੰਜਾਬ ਵਿਚ ਖੇਤੀ ਫਸਲਾਂ ਵਿਚ ਵੰਨ - ਸਵੰਨਤਾ ਲਈ ਕਈ ਸਿਫਾਰਸ਼ਾਂ ਹੋਈਆਂ ਅਤੇ ਇਸ ਨੂੰ ਅਪਨਾਉਣ ਲਈ ਕਈ ਰਿਪੋਰਟਾਂ ਵੀ ਤਿਆਰ ਹੋਈਆਂ ਪਰ ਕਣਕ ਅਤੇ ਝੋਨੇ ਦੇ ਅਧੀਨ ਖੇਤਰ ਘਟਣ ਦੀ ਬਜਾਇ ਵਧ ਰਿਹਾ ਹੈ। ਝੋਨਾ ਜਿਹੜਾ ਸਭ ਤੋਂ ਜ਼ਿਆਦਾ ਪਾਣੀ ਵਰਤਦਾ ਹੈ, ਉਸ ਅਧੀਨ ਪਿਛਲੇ ਸਾਲ ਖੇਤਰ ਵਧ ਕੇ 32 ਲੱਖ ਹੈਕਟੇਅਰ ਜਾਂ 80 ਲੱਖ ਏਕੜ ਹੋ ਗਿਆ ਸੀ ਅਤੇ ਕਣਕ ਅਧੀਨ ਇਸ ਤੋਂ ਵੀ ਵੱਧ 35 ਲੱਖ ਹੈਕਟੇਅਰ ਹੋ ਗਿਆ ਸੀ। ਇਹੋ ਦੋਵੇਂ ਫਸਲਾਂ ਹਨ ਜਿਨ੍ਹਾਂ ਨੂੰ ਕੇਂਦਰ ਸਰਕਾਰ ਖਰੀਦਦੀ ਹੈ ਅਤੇ ਜਿਨ੍ਹਾਂ ਦੀ ਵਿਕਰੀ ਦਾ ਯਕੀਨੀ ਮੰਡੀਕਰਨ ਹੈ ਭਾਵੇਂ ਕੇਂਦਰ ਸਰਕਾਰ 23 ਫਸਲਾਂ ਦੀਆਂ ਘੱਟੋ-ਘੱਟ ਕੀਮਤਾਂ ਤਾਂ ਐਲਾਨਦੀ ਹੈ ਪਰ ਖਰੀਦਿਆ ਸਿਰਫ ਕਣਕ ਤੇ ਝੋਨਾ ਹੀ ਜਾਂਦਾ ਹੈ; ਉਹ ਵੀ ਹਰ ਪ੍ਰਾਂਤ ਵਿਚ ਨਹੀਂ ਸਗੋਂ ਉਨ੍ਹਾਂ ਪ੍ਰਾਂਤਾਂ ਵਿਚੋਂ ਜਿੱਥੇ ਇਹ ਵਾਧੂ ਪੈਦਾ ਹੁੰਦਾ ਹੈ ਜਿਵੇਂ ਪੰਜਾਬ, ਹਰਿਆਣਾ, ਯੂਪੀ ਤੇ ਮੱਧ ਪ੍ਰਦੇਸ਼ ਵਿਚ। ਬਾਕੀ ਫਸਲਾਂ ਜਿਵੇਂ ਸੂਰਜਮੁਖੀ, ਦਾਲਾਂ ਦੀਆਂ ਫਸਲਾਂ ਭਾਵੇਂ ਝੋਨੇ ਤੋਂ ਵੱਧ ਕਮਾਈ ਦੇ ਸਕਦੀਆਂ ਹਨ ਪਰ ਇਹ ਇਸ ਕਰ ਕੇ ਨਹੀਂ ਬੀਜੀਆਂ ਜਾਂਦੀਆਂ ਕਿਉਂ ਜੋ ਉਨ੍ਹਾਂ ਦਾ ਯਕੀਨੀ ਮੰਡੀਕਰਨ ਨਹੀਂ। ਗੰਨਾ ਭਾਵੇਂ ਕੇਂਦਰ ਸਰਕਾਰ ਨਹੀਂ ਖਰੀਦਦੀ ਪਰ ਐਲਾਨੇ ਭਾਅ 'ਤੇ ਪ੍ਰਾਂਤਾਂ ਦੀਆਂ ਖੰਡ ਮਿੱਲਾਂ ਖਰੀਦ ਲੈਂਦੀਆਂ ਹਨ। ਇਸੇ ਤਰ੍ਹਾਂ ਕਪਾਹ ਭਾਰਤੀ ਕਪਾਹ ਨਿਗਮ ਖਰੀਦ ਲੈਂਦਾ ਹੈ।

ਪੰਜਾਬ ਵਿਚ ਵੱਖ-ਵੱਖ ਰੁੱਤਾਂ ਅਤੇ ਜਲਵਾਯੂ ਦੀ ਅਨੁਕੂਲਤਾ ਅਨੁਸਾਰ ਹਰ ਤਰ੍ਹਾਂ ਦੀਆਂ ਫਸਲਾਂ ਹੋ ਸਕਦੀਆਂ ਹਨ ਅਤੇ ਕਈ ਫਸਲਾਂ ਝੋਨੇ ਤੋਂ ਵੀ ਜ਼ਿਆਦਾ ਲਾਭਦਾਇਕ ਹੋ ਸਕਦੀਆਂ ਹਨ ਪਰ ਸਰਕਾਰ ਦੇ ਯਕੀਨੀ ਮੰਡੀਕਰਨ ਦੀ ਅਣਹੋਂਦ ਕਰਕੇ ਵਪਾਰੀ ਕਿਸਾਨ ਦਾ ਸ਼ੋਸ਼ਣ ਕਰਦੇ ਹਨ ਅਤੇ ਛੋਟਾ ਕਿਸਾਨ ਕਦੀ ਵੀ ਇਸ ਤਰ੍ਹਾਂ ਦਾ ਜੋਖਮ ਨਹੀਂ ਉਠਾ ਸਕਦਾ ਕਿਉਂ ਜੋ ਉਸ ਦੇ ਪਰਿਵਾਰ ਦਾ ਜੀਵਨ ਉਸ ਛੋਟੀ ਜਿਹੀ ਜੋਤ 'ਤੇ ਨਿਰਭਰ ਕਰਦਾ ਹੈ। ਦੂਜੀ ਤਰਫ ਖੇਤੀ ਖੇਤਰ ਵਿਚ ਵੱਡੀ ਬੇਰੁਜ਼ਗਾਰੀ ਅਤੇ ਅਰਧ-ਬੇਰੁਜ਼ਗਾਰੀ ਹੈ। ਕਈ ਸਾਲਾਂ ਤੋਂ 60 ਫੀਸਦੀ ਵੱਸੋਂ ਜਿਹੜੀ ਖੇਤੀਬਾੜੀ ਵਿਚ ਲੱਗੀ ਹੋਈ ਹੈ, ਪ੍ਰਾਂਤ ਦੇ ਕੁਲ ਘਰੇਲੂ ਉਤਪਾਦਨ ਵਿਚ ਸਿਰਫ 9 ਫੀਸਦੀ ਯੋਗਦਾਨ ਪਾਉਂਦੀ ਹੈ; ਬਾਕੀ ਦੀ 40 ਫੀਸਦੀ ਵੱਸੋਂ ਦੇ ਹਿੱਸੇ 81 ਫੀਸਦੀ ਆਮਦਨ ਜਾਂ ਖੇਤੀ ਖੇਤਰ



ਦੀ ਇੰਨੀ ਵੱਡੀ ਵੱਸੋਂ ਤੋਂ 4 ਗੁਣਾਂ ਤੋਂ ਵੀ ਜ਼ਿਆਦਾ ਆਮਦਨ ਆਉਂਦੀ ਹੈ। ਗੈਰ-ਖੇਤੀ ਖੇਤਰ ਵਿਚ ਅਰਧ-ਬੇਰੁਜ਼ਗਾਰੀ ਘੱਟ ਹੈ ਅਤੇ ਜੇ ਕੰਮ ਜ਼ਿਆਦਾ ਹੈ ਤਾਂ ਉਤਪਾਦਨ ਵੀ ਜ਼ਿਆਦਾ ਹੈ ਤੇ ਆਮਦਨ ਵੀ। ਇਹ ਬੇਰੁਜ਼ਗਾਰੀ ਸਿਰਫ ਖੇਤੀ ਕਾਮਿਆਂ ਵਿਚ ਹੀ ਨਹੀਂ; ਖੇਤੀ 'ਤੇ ਵਰਤੀ ਜਾਣ ਵਾਲੀ ਪੂੰਜੀ ਜਿਵੇਂ ਟਰੈਕਟਰ, ਟਰਾਲੀ, ਵੇਲਣਾ, ਟਿਊਬਵੈੱਲ, ਕੰਬਾਈਨ ਆਦਿ ਵਸਤੂਆਂ ਵਿਚ ਵੀ ਹੈ। ਸਿਰਫ ਕਣਕ ਝੋਨੇ ਦਾ ਫਸਲੀ ਚੱਕਰ ਹੋਣ ਕਰ ਕੇ ਕਿਸਾਨ ਸਾਰੇ ਸਾਲ ਵਿਚ ਮਸਾਂ 30 ਦਿਨਾਂ ਤੱਕ ਹੀ ਲਗਾਤਾਰ ਕੰਮ ਵਿਚ ਰੁੱਝਾ ਮੰਨਦਾ ਹੈ। ਫਸਲੀ ਵੰਨ-ਸਵੰਨਤਾ ਜਿਥੇ ਕਿਸਾਨ ਦੀ ਬੇਰੁਜ਼ਗਾਰੀ ਨੂੰ ਦੂਰ ਕਰਦੀ ਹੈ ਤੇ ਖੇਤੀ ਕਾਮਿਆਂ ਨੂੰ ਵੀ ਕੰਮ ਦਿੰਦੀ ਹੈ, ਉੱਥੇ ਉਹ ਖੇਤੀ ਪੂੰਜੀ ਲਈ ਵੀ ਕੰਮ ਪੈਦਾ ਕਰਦੀ ਹੈ। ਕਦੀ ਬਿਜਾਈ, ਕਦੀ ਗੋਡੀ, ਕਦੀ ਕਟਾਈ, ਗਹਾਈ ਆਦਿ ਕਿਸਾਨ ਨੂੰ ਸਾਰਾ ਸਾਲ ਰੁੱਝਿਆ ਰੱਖਦੀ ਹੈ। ਹੋਰ ਫਸਲਾਂ ਜਿਹੜੀਆਂ ਜ਼ਿਆਦਾ ਕਮਾਈ ਦੇ ਸਕਦੀਆਂ ਹਨ ਤੇ ਆਮਦਨ ਵਧਾਉਂਦੀਆਂ ਹਨ, ਲਈ ਪਹਿਲੀ ਸ਼ਰਤ ਯਕੀਨੀ ਮੰਡੀਕਰਨ ਪੈਦਾ ਕਰਨਾ ਹੈ। ਅਜਿਹਾ ਕੇਂਦਰ ਜਾਂ ਪ੍ਰਾਂਤ ਸਰਕਾਰ ਹੀ ਪੈਦਾ ਕਰ ਸਕਦੀ ਹੈ। ਇਹ ਕੋਈ ਘਾਟੇਵੰਦਾ ਸੌਦਾ ਵੀ ਨਹੀਂ। ਭਾਰਤ ਹਰ ਸਾਲ ਤਕਰੀਬਨ 1.5 ਲੱਖ ਕਰੋੜ ਰੁਪਏ ਦੀਆਂ ਦਾਲਾਂ ਅਤੇ ਇੰਨੇ ਹੀ ਮੁੱਲ ਦੇ ਤੇਲ ਬੀਜ ਦਰਾਮਦ ਕਰਦਾ ਹੈ।

ਫਸਲੀ ਵੰਨ-ਸਵੰਨਤਾ ਨਾਲ ਨਾ ਸਿਰਫ ਪਾਣੀ ਦਾ ਹੇਠਾਂ ਜਾਣਾ ਰੁਕ ਸਕਦਾ ਹੈ ਸਗੋਂ ਕੁਦਰਤੀ ਵਾਤਾਵਰਨ ਵਿਚ ਸੁਧਾਰ ਹੋਵੇਗਾ। ਅੱਜ ਕੱਲ੍ਹ ਬਹੁਤ ਸਾਰੇ ਪੰਛੀ ਅਤੇ ਸੂਖਮ ਜੀਵ ਜਿਹੜੇ ਖੇਤੀ ਲਈ ਲਾਭਦਾਇਕ ਹਨ, ਨਹੀਂ ਮਿਲਦੇ। ਜਲਵਾਯੂ ਤਬਦੀਲੀ, ਹਰ ਸਾਲ ਗਰਮੀ ਤੇ ਸਰਦੀ ਵਿਚ ਵਾਧਾ, ਮੀਂਹਾਂ ਵਿਚ ਅਨਿਸ਼ਚਤਾ ਆਦਿ ਵੀ ਕੁਦਰਤੀ ਬਣ ਸਕਦੀ ਹੈ। ਪੰਜਾਬ ਵਿਚ ਖੇਤੀ ਵੰਨ-ਸਵੰਨਤਾ ਦੇ ਨਾਲ-ਨਾਲ ਪੇਸ਼ਾਵਰ ਵੰਨ-ਸਵੰਨਤਾ ਦੀ ਬੇਹੱਦ ਲੋੜ ਹੈ ਜਿਹੜੀ ਪੰਜਾਬ ਤੋਂ ਵਿਦੇਸ਼ਾਂ ਵੱਲ ਪਰਵਾਸ ਰੋਕ ਸਕਦੀ ਹੈ। ਵਿਕਸਤ ਦੇਸ਼ਾਂ ਵਿਚ ਖੇਤੀਬਾੜੀ ਵਿਚ 5 ਫੀਸਦੀ ਤੋਂ ਵੀ ਘੱਟ ਲੋਕ ਹਨ। ਇਹ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਯੋਗਦਾਨ ਵੀ ਭਾਵੇਂ 5 ਫੀਸਦੀ ਹੀ ਪਾਉਂਦੇ ਹਨ ਪਰ ਖੇਤੀ ਅਤੇ ਗੈਰ-ਖੇਤੀ ਔਸਤ ਆਮਦਨ ਵਿਚ ਕੋਈ ਫਰਕ ਨਹੀਂ। ਇਸ ਦਾ ਅਰਥ ਹੈ ਕਿ ਪੰਜਾਬ ਜਾਂ ਭਾਰਤ ਵਿਚ ਵਿਚ ਵੱਡੀ ਗਿਣਤੀ ਲੋਕਾਂ ਨੂੰ ਖੇਤੀਬਾੜੀ ਦੀ ਜਗ੍ਹਾ ਹੋਰ ਪੇਸ਼ਿਆਂ ਵਿਚ ਲਾਉਣਾ ਚਾਹੀਦਾ ਹੈ। ਜੇ ਪੰਜਾਬ ਵਿਚ ਖੇਤੀ ਦਾ ਪ੍ਰਾਂਤ ਦੇ ਕੁੱਲ ਘਰੇਲੂ ਉਤਪਾਦਨ ਵਿਚ ਯੋਗਦਾਨ 19 ਫੀਸਦੀ ਹੈ ਤਾਂ ਖੇਤੀ ਵਿਚ ਵੱਸੋਂ ਵੀ 19 ਫੀਸਦੀ ਹੀ ਹੋਣੀ ਚਾਹੀਦੀ ਹੈ। ਇਸ ਨਾਲ ਖੇਤੀ ਅਤੇ ਗੈਰ-ਖੇਤੀ ਪੇਸ਼ਿਆਂ ਦੀ ਔਸਤ ਆਮਦਨ ਵਿਚ ਫਰਕ ਨਹੀਂ ਹੋਵੇਗਾ।

1950 ਵਿਚ ਜਦੋਂ ਭਾਰਤ ਵਿਚ ਯੋਜਨਾਵਾਂ ਨੂੰ ਵਿਕਾਸ ਕਰਨ ਲਈ ਅਪਣਾਇਆ ਗਿਆ ਸੀ ਤਾਂ ਪਹਿਲੀਆਂ ਤਿੰਨ ਯੋਜਨਾਵਾਂ ਵਿਚ ਖੇਤੀ ਨੂੰ ਸਭ ਤੋਂ ਉੱਚੀ ਤਰਜੀਹ ਦਿੱਤੀ ਗਈ ਸੀ। ਇਸ ਦਾ ਅਸਰ ਵੀ ਚੰਗਾ ਪਿਆ ਸੀ। ਪੰਜਾਬ ਦੀ ਖੇਤੀ ਬਹੁਤ ਵਿਕਸਤ ਹੋਈ ਪਰ ਉਸ ਨਾਲ ਗੈਰ-ਖੇਤੀ ਪੇਸ਼ੇ ਵਿਕਸਤ ਨਾ ਹੋਏ। ਅੱਜ ਵੀ ਖੇਤੀ ਅਤੇ ਗੈਰ-ਖੇਤੀ ਪੇਸ਼ਿਆਂ ਵਿਚ ਆਮਦਨ ਦਾ ਫਰਕ ਇਸ ਕਰਕੇ ਹੈ ਕਿਉਂਕਿ ਖੇਤੀ ਵਿਚ ਬੇਰੁਜ਼ਗਾਰੀ ਜਾਂ ਅਰਧ-ਬੇਰੁਜ਼ਗਾਰੀ ਹੈ। ਪਿੰਡਾਂ ਦਾ ਵਿਕਾਸ ਨਾ ਹੋ ਸਕਿਆ। ਪਿੰਡਾਂ ਵਿਚ ਗੈਰ-ਖੇਤੀ ਕੰਮ ਨਾ ਵਧੇ, ਨਾ ਹੀ ਉਨ੍ਹਾਂ ਕੰਮਾਂ ਲਈ ਕੁਸ਼ਲ ਕਿਰਤੀ ਤਿਆਰ ਹੋਏ। ਰੁਜ਼ਗਾਰ ਪ੍ਰਾਪਤੀ ਲਈ ਪਿੰਡਾਂ ਦੇ ਲੋਕ ਸ਼ਹਿਰਾਂ ਵਿਚ ਜਾਂਦੇ ਹਨ। ਉਹ ਉਦਯੋਗ ਜਿਨ੍ਹਾਂ ਲਈ ਕੱਚਾ ਮਾਲ ਭਾਵੇਂ ਪਿੰਡਾਂ ਤੋਂ ਲਿਆ ਜਾਂਦਾ ਹੈ ਜਿਵੇਂ ਡੇਅਰੀ, ਟੈਕਸਟਾਈਲ, ਵੁੱਡ ਇੰਡਸਟਰੀ, ਬੇਕਰੀ ਆਦਿ ਵੀ ਸ਼ਹਿਰਾਂ ਵਿਚ ਲੱਗੀਆਂ ਕਿਉਂ ਜੋ ਪਿੰਡਾਂ ਵਿਚ ਬਿਜਲੀ, ਬੈਂਕ, ਟਰਾਂਸਪੋਰਟ ਆਦਿ ਵਿਕਸਤ ਨਾ ਹੋਏ। ਜੇ ਖੇਤੀ ਨੂੰ ਪਹਿਲੀ ਤਰਜੀਹ ਦਿੱਤੀ ਗਈ ਸੀ ਤਾਂ ਪਿੰਡਾਂ ਦੇ ਵਿਕਾਸ ਨੂੰ ਵੀ ਪਹਿਲੀ ਤਰਜੀਹ ਦਿੱਤੀ ਜਾਣੀ ਚਾਹੀਦੀ ਸੀ। ਮੇਰੇ ਅਧਿਐਨ ਵਿਚ ਚਾਰ ਕਿਸਮ ਦੇ ਕਿਸਾਨ ਘਰਾਂ ਦੀ ਸ਼ਨਾਖਤ ਕੀਤੀ ਸੀ। ਜਿਨ੍ਹਾਂ ਘਰਾਂ ਦਾ ਬੰਦਾ ਨੌਕਰੀ ਕਰਦਾ ਸੀ, ਉਸ ਦੀ ਔਸਤ ਆਮਦਨ ਜ਼ਿਆਦਾ ਸੀ ਅਤੇ ਕਰਜ਼ਾ ਨਹੀਂ ਸੀ ਜਾਂ ਬਿਲਕੁਲ ਘੱਟ ਸੀ। ਜਿਹੜੇ ਘਰਾਂ ਵਿਚ ਖੇਤੀ ਨਾਲ ਵਪਾਰ ਸੀ, ਉਨ੍ਹਾਂ ਦੀ ਕਮਾਈ ਵੀ ਜ਼ਿਆਦਾ ਸੀ, ਕਰਜ਼ਾ ਘੱਟ ਸੀ। ਜਿਹੜੇ ਘਰਾਂ ਵਿਚ ਖੇਤੀ ਨਾਲ ਡੇਅਰੀ ਸੀ, ਉਨ੍ਹਾਂ ਦਾ ਕਰਜ਼ਾ ਵੀ ਘੱਟ ਸੀ ਪਰ ਜਿਹੜੇ ਘਰ ਸਿਰਫ ਖੇਤੀ 'ਤੇ ਨਿਰਭਰ ਸਨ, ਉਨ੍ਹਾਂ ਸਿਰ ਕਰਜ਼ੇ ਦੀ ਵੱਡੀ ਪੰਡ ਵੀ ਸੀ ਅਤੇ ਉਨ੍ਹਾਂ ਦੀ ਵਾਹੀ ਵੀ ਕਮਜ਼ੋਰ ਸੀ।

ਪੇਸ਼ਾਵਰ ਵੰਨ-ਸਵੰਨਤਾ ਨੂੰ ਪਿੰਡਾਂ ਵਿਚ ਵਧਾਉਣਾ ਇਸ ਵਕਤ ਸਰਕਾਰ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ ਅਤੇ ਉਹੋ ਜਿਹਾ ਉਦਯੋਗੀਕਰਨ ਅਪਣਾਉਣਾ ਚਾਹੀਦਾ ਹੈ ਜਿਸ ਲਈ ਕੱਚਾ ਮਾਲ ਪਿੰਡਾਂ ਵਿਚੋਂ ਮਿਲਦਾ ਹੈ। ਇਸ ਨਾਲ ਖੇਤੀ ਘਰਾਂ ਦੀ ਆਮਦਨ ਵਧੇਗੀ ਅਤੇ ਵਿਦੇਸ਼ਾਂ ਵੱਲ ਪਰਵਾਸ ਵੀ ਘਟੇਗਾ।

# ਬਾਬਿਆਂ ਦੇ ਸੰਗ ਨਾਲ ਜ਼ਿੰਦਗੀ ਵਿੱਚ ਮਿੱਠਾ ਰਸ ਭਰਦਾ ਸੀ

ਬਚਪਨ ਮਾਪਿਆਂ ਦੇ ਚਾਵਾਂ ਮਲ੍ਹਾਰਾਂ ਅਤੇ ਪਿਆਰਾਂ ਵਿਚ ਛਾਲਾਂ ਮਾਰਦਾ ਲੰਘ ਜਾਂਦਾ ਹੈ। ਜਵਾਨੀ ਹਸੇ ਬਖੇਰਦੀ ਸੁਰਖੀਆਂ ਖਲੇਰਦੀ ਮੋਢਿਆਂ ਤੋਂ ਢੁੱਕਦੀ ਸੁਪਨਿਆਂ ਦੀ ਦੁਨੀਆਂ ਵਿਚ ਵਿਚਰਦੀ ਹਵਾ ਦੇ ਬੁੱਲੇ ਨਾਲ ਲੰਘਦੀ ਹੈ। ਤੇ ਬੁਢੇਪਾ ਸੂਰਜ ਵਾਗੂੰ ਮੱਠੀ ਚਾਲ ਚਲਦਾ ਬਤੀਤ ਹੁੰਦਾ ਹੈ। ਇੰਜ ਮਹਿਸੂਸ ਹੁੰਦਾ, ਸਿਰੇ ਲੱਗਿਆ ਕਿ ਕੱਲ ਸਿਰੇ ਲਗਿਆ ਵਾਲਾ ਹੋ ਕੇ ਨਦੀ ਕਿਨਾਰੇ ਰੁੱਖੜੇ ਵਾਂਗ ਹੋ ਜਾਂਦਾ ਸਮਾਂ ਬਹੁਤ ਤਾਕਤਵਰ ਹੈ। ਇਸ ਦੀ ਰਫਤਾਰ ਰੋਕਣੀ ਮਨੁੱਖ ਦੇ ਵੱਸ ਦੀ ਗੱਲ ਨਹੀਂ, ਬਚਪਨ ਤੋਂ ਬੁਢੇਪੇ ਤੱਕ ਦਾ ਸਫਰ ਹਰ ਮਨੁੱਖ ਨੂੰ ਵੱਖ ਵੱਖ ਤਰ੍ਹਾਂ ਦੇ ਜ਼ਜਬਿਆਂ ਵਿਚ ਲੰਘਾਉਂਦਾ ਹੋਇਆ ਆਪਣੇ ਅੰਤ ਵੱਲ ਤੁਰਿਆ ਜਾਂਦਾ ਹੈ। ਬਹੁਤ ਸਿੱਖਦਾ ਸਿਖਾਉਂਦਾ ਕਮਾਉਂਦਾ ਤੇ ਗੁਆਉਂਦਾ ਜ਼ਿੰਦਗੀ ਦਾ ਸਫਰ ਤੈਅ ਕਰਦਾ ਰੁਝਿਆ ਰਹਿੰਦਾ ਹੈ। ਹਰ ਇਕ ਜੀਵਨ ਦੇ ਪੜਾਅ ਦੀ ਆਪਣੀਆਂ ਖੁਸ਼ੀਆਂ ਗਮੀਆਂ ਰੰਗੀਨ ਪਲ, ਖੇਡਾਂ ਸ਼ੌਕ ਮਨੋਰੰਜਨ ਦੇ



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ-152028
ਮੋ: 7814490249

ਸਾਧਨ ਵੱਖਰੇ-ਵੱਖਰੇ ਹੁੰਦੇ ਹਨ। ਜਿਨ੍ਹਾਂ ਨੂੰ ਦੂਜਿਆਂ ਦੱਸਿਆ ਕੁਝ ਨਹੀਂ ਬਣਦਾ ਪਰ ਜਦ ਉਹ ਤਜਰਬੇ ਵਿਚੋਂ ਗੁਜ਼ਰਦਾ ਤਾਂ ਉਹ ਕੁੱਝ ਪ੍ਰਾਪਤ ਕਰ ਲੈਂਦਾ ਜੀ ਉਹ ਗੁੰਮ ਕਰ ਲੈਂਦਾ ਹੈ। ਬੁਢਾਪਾ ਵੀ ਅਜਿਹੇ ਤਜਰਬਿਆਂ ਦੀ ਇਕ ਲੜੀ ਵਿਚੋਂ ਹੁੰਦਾ ਹੈ। ਜਿਹੜਾ ਜਵਾਨੀ ਦੇ ਸਮੇਂ ਬਿਨਾਂ ਖੰਘਿਆਂ ਤੋਂ ਖੰਘਦਾ ਸੀ ਪਰ ਅੱਜ ਬੁਢਾਪੇ ਨੂੰ ਖੰਘ ਆਉਣ ਤੇ ਵੀ ਖੰਘਿਆਂ ਨਹੀਂ ਜਾਂਦਾ।

ਬਾਬਿਆਂ ਦੇ ਸੰਗ ਸਤਿਕਾਰ ਇਕ ਅਜਿਹਾ ਹਥਿਆਰ ਜੋ ਪੂਰੀ ਆਯੂ ਵਰਤੋਂ ਵਿਚ ਆਉਂਦਾ ਹੈ। ਬਜ਼ੁਰਗਾਂ ਨੂੰ ਭੋਜਨ ਨਾਲੋਂ ਜ਼ਿਆਦਾ ਇੱਜ਼ਤ ਸਤਿਕਾਰ ਦੀ ਲੋੜ ਹੁੰਦੀ ਹੈ। ਪਿਆਰ ਨਾਲ ਵਰਤਾਓ ਕਰਨ ਦੀ ਜ਼ਰੂਰਤ ਹੈ। ਬਾਬੇ ਅਜਿਹਾ ਨਹੀਂ ਮੰਗਦੇ। ਜਿਸ ਤੇ ਕੋਈ ਖਰਚ ਕਰਨ ਪਵੇ। ਜੇ ਕੋਈ ਛੋਟਾ ਮੋਟਾ ਘਰ ਵਿਚ ਸਮਾਗਮ ਹੋਵੇ, ਤਾਂ ਬਜ਼ੁਰਗਾਂ ਨੂੰ ਪਹਿਲ ਦੇ ਕੇ ਮੁਫਤੋਂ ਮੁਫਤੀ ਨਿਵਾਜਿਆ ਜਾ ਸਕਦਾ ਹੈ। ਉਹ ਫੁੱਲੇ ਨਹੀਂ ਸਮਾਉਣਗੇ। ਅਜਿਹੇ ਮੌਕੇ ਤੇ ਉਹ ਆਪਣੇ ਹਾਣੀਆਂ ਸਾਕ ਸਬੰਧੀਆਂ ਨਾਲ ਬੈਠ ਕੇ ਸਮਾਗਮ ਦੀ ਰੀਝ ਨੂੰ ਚਾਰ ਚੰਨ ਲਾਉਣਗੇ।

"ਜੇਕਰ ਗਲੇਸ਼ੀਅਰ ਤੇਜ਼ੀ ਨਾਲ ਪਿਘਲਦੇ ਹਨ ਤਾਂ ਪਹਿਲਾਂ-ਪਹਿਲ ਦਰਿਆਵਾਂ ਵਿਚ ਜ਼ਿਆਦਾ ਪਾਣੀ ਆਉਣ ਨਾਲ ਮੈਦਾਨੀ ਇਲਾਕਿਆਂ ਵਿਚ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ ਕਈ ਗੁਣਾ ਵਾਧਾ ਹੋ ਜਾਵੇਗਾ। ਲੋਕ ਘਰੋ-ਬੇਘਰ ਹੋ ਜਾਣਗੇ, ਫਸਲਾਂ ਬਰਬਾਦ ਹੋ ਜਾਣਗੀਆਂ ਅਤੇ ਬਹੁਤ ਜ਼ਿਆਦਾ ਜਾਨੀ-ਮਾਲੀ ਨੁਕਸਾਨ ਹੋਵੇਗਾ। ਫਸਲਾਂ ਦੇ ਤਬਾਅ ਹੋਣ ਨਾਲ ਅਨਾਜ ਦੀ ਥੁੜ੍ਹ ਪੈਦਾ ਹੋ ਜਾਵੇਗੀ ਅਤੇ ਭਾਰਤ ਵਿਚ, ਜੋ ਦੁਨੀਆ ਦਾ ਸਭ ਤੋਂ ਆਬਾਦੀ ਵਾਲਾ ਦੇਸ਼ ਹੈ, ਖਾਧ ਪਦਾਰਥਾਂ ਦੀ ਥੁੜ੍ਹ ਪੈਦਾ ਹੋ ਜਾਵੇਗੀ। ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਣ ਤੋਂ ਬਾਅਦ ਜਦੋਂ ਹੌਲੀ ਹੌਲੀ ਬਰਫ ਦੇ ਭੰਡਾਰ ਖਤਮ ਹੋਣ ਲੱਗ ਜਾਣਗੇ, ਤਾਂ ਇਕ ਸਮਾਂ ਅਜਿਹਾ ਆਵੇਗਾ ਜਦੋਂ ਦਰਿਆਵਾਂ ਵਿਚ ਪਾਣੀ ਘਟ ਜਾਵੇਗਾ ਜਿਸ ਤੇ ਨਤੀਜੇ ਵਜੋਂ ਦੇਸ਼ ਵਿਚ ਪਾਣੀ ਦੀ ਕਮੀ ਹੋ ਜਾਵੇਗੀ।"

# ਗਲੇਸ਼ੀਅਰਾਂ ਦੇ ਪਿਘਲਣ ਤੋਂ ਹੋਣ ਵਾਲੇ ਨੁਕਸਾਨ



ਡਾ. ਗੁਰਿੰਦਰ ਕੌਰ,
ਸਾਬਕਾ ਪ੍ਰੋਫੈਸਰ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਾਡੀਆ ਇੰਸਟੀਚਿਊਟ ਆਫ ਹਿਮਾਲੀਅਨ ਜੁਆਲੋਜੀ, ਦੇਹਰਾਦੂਨ ਦੇ ਵਿਗਿਆਨੀਆਂ ਦੇ ਇਕ ਅਧਿਐਨ ਅਨੁਸਾਰ ਗਲੋਬਲ ਵਾਰਮਿੰਗ, ਗਰੀਨ ਹਾਊਸ ਗੈਸਾਂ ਅਤੇ ਬਲੈਕ ਕਾਰਬਨ ਦੀ ਵਧਦੀ ਨਿਕਾਸੀ ਕਾਰਨ ਉੱਤਰਾਖੰਡ ਦੇ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ। ਇਸ ਅਧਿਐਨ ਅਨੁਸਾਰ ਹਿਮਾਲੀਅਨ ਖੇਤਰ ਵਿਚ ਕੁੱਲ 9575 ਗਲੇਸ਼ੀਅਰ ਹਨ ਜਿਨ੍ਹਾਂ ਵਿਚੋਂ 900 ਗਲੇਸ਼ੀਅਰ ਉੱਤਰਾਖੰਡ ਵਿਚ ਹਨ। ਉੱਤਰਾਖੰਡ ਦੇ ਗੰਗੋਤਰੀ, ਸਤੋਪੰਥ, ਭਾਗੀਰਥੀ ਅਤੇ ਰਾਏਖਾਨਾ ਆਦਿ ਵੱਡੇ ਗਲੇਸ਼ੀਅਰਾਂ ਦੇ ਪਿਘਲਣ ਦੀ ਗਿਣਤੀ ਜ਼ਿਆਦਾ ਤੇਜ਼ ਹੈ। ਗਲੇਸ਼ੀਅਰਾਂ ਦਾ ਪਿਘਲਣਾ ਭਾਵੇਂ ਇਕ ਕੁਦਰਤੀ ਵਰਤਾਰਾ ਹੈ, ਪਰ ਜਿੰਨੀ ਤੇਜ਼ ਰਫਤਾਰ ਨਾਲ ਉੱਤਰਾਖੰਡ ਦੇ ਗਲੇਸ਼ੀਅਰ ਪਿਘਲ ਰਹੇ ਹਨ ਉਹ ਚਿੰਤਾਜਨਕ ਹੈ। ਇਸ ਵਰਤਾਰੇ ਨਾਲ ਭਾਰ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਅੱਜਕੱਲ੍ਹ ਹਰ ਵਿਅਕਤੀ ਇਸ ਤੱਥ ਤੋਂ ਭਲੀਭਾਂਤ ਜਾਣੂ ਹੈ ਕਿ ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। 2023 ਦਾ ਸਾਲ ਹੁਣ



ਤੱਕ ਸਭ ਤੋਂ ਗਰਮ ਰਿਕਾਰਡ ਕੀਤਾ ਗਿਆ ਸਾਲ ਹੈ। ਯੂਰਪ ਦੀ ਕੋਪਰਨਿਕਸ ਕਲਾਈਮੇਟ ਚੇਂਜ ਸੰਸਥਾ ਅਨੁਸਾਰ 2023 ਦਾ ਔਸਤ ਤਾਪਮਾਨ ਉਦਯੋਗਿਕ ਇਨਕਲਾਬ ਦੇ ਸਮੇਂ ਤੋਂ ਪਹਿਲਾਂ ਦੇ ਤਾਪਮਾਨ ਨਾਲੋਂ 1.48 ਡਿਗਰੀ ਸੈਲਸੀਅਸ ਵਧ ਆਂਕਿਆ ਗਿਆ ਹੈ। ਅਮਰੀਕਾ ਦੀ ਨੈਸ਼ਨਲ ਓਸ਼ਨਿਕ ਐਂਡ ਐਟਮੋਸਫੀਅਰਿਕ ਐਡਮਿਨਿਸਟਰੇਸ਼ਨ (ਨੋਆ) ਅਤੇ ਯੂਰਪ ਦੀ ਕੋਪਰਨਿਕਸ ਕਲਾਈਮੇਟ ਚੇਂਜ ਸੰਸਥਾ ਅਨੁਸਾਰ 2023 ਦੇ ਜੂਨ ਮਹੀਨੇ ਤੋਂ ਲੈ ਕੇ ਅਗਸਤ 2024 ਤੱਕ ਦੇ ਮਹੀਨਿਆਂ ਦੇ ਤਾਪਮਾਨ ਨੇ ਲਗਾਤਾਰਤਾ ਵਿਚ ਪਿਛਲੇ ਸਾਰੇ ਰਿਕਾਰਡ ਤੋੜਦੇ ਹੋਏ ਨਵੇਂ ਰਿਕਾਰਡ ਕਾਇਮ ਕੀਤੇ ਹਨ।

ਇਸ ਸਾਲ (2024) ਵਿਚ ਭਾਰਤ ਦੇ ਪੰਜਾਬ, ਹਰਿਆਣਾ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼ ਅਤੇ ਦਿੱਲੀ ਦੇ ਬਹੁਤ ਸਾਰੇ ਹਿੱਸਿਆਂ ਵਿਚ ਤਾਪਮਾਨ 15 ਮਈ ਤੋਂ 18 ਜੂਨ ਤੱਕ 40 ਡਿਗਰੀ ਸੈਲਸੀਅਸ ਤੱਕ ਜਾਂ ਉਸ ਤੋਂ ਉੱਤੇ ਵੀ ਰਿਕਾਰਡ ਕੀਤਾ ਗਿਆ ਹੈ। ਤਾਪਮਾਨ ਵਿਚ ਵਾਧੇ ਦੇ ਨਾਲ ਨਾਲ ਇਸ ਸਾਲ ਉੱਤਰਾਖੰਡ ਵਿਚ ਵੀ 29 ਮਈ ਤੋਂ 19 ਜੂਨ ਤੱਕ ਗਰਮ ਲਹਿਰਾਂ ਦਾ ਪ੍ਰਕੋਪ ਜਾਰੀ ਰਿਹਾ ਹੈ। ਇਨ੍ਹਾਂ ਦਿਨਾਂ ਵਿਚ ਇੱਥੇ ਤਾਪਮਾਨ 40 ਡਿਗਰੀ ਸੈਲਸੀਅਸ ਤੱਕ ਰਿਹਾ ਹੈ। ਗਲੇਸ਼ੀਅਰਾਂ ਦੇ ਪਿਘਲਣ ਦਾ ਮੁੱਖ ਕਾਰਨ ਸਿੱਧੇ ਤੌਰ ਉੱਤੇ ਤਾਪਮਾਨ ਦੇ ਵਾਧੇ ਨਾਲ ਜੁੜਿਆ ਹੋਇਆ ਹੈ।

ਧਰਤੀ ਦੇ ਔਸਤ ਤਾਪਮਾਨ ਦੇ ਵਾਧੇ ਕਾਰਨ ਕੁਦਰਤੀ ਆਫਤਾਂ ਵਿਚ ਵੀ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਕੁਦਰਤੀ ਆਫਤਾਂ ਵਿਚ ਬੱਦਲ ਦਾ ਫਟਣਾ, ਥੋੜ੍ਹੇ ਸਮੇਂ ਵਿਚ ਜ਼ਿਆਦਾ ਮੀਂਹ ਪੈਣਾ, ਅਸਮਾਨੀ ਬਿਜਲੀ ਦਾ ਡਿੱਗਣਾ, ਗਲੇਸ਼ੀਅਰ ਝੀਲਾਂ ਦਾ ਫਟਣਾ, ਗਰਮ ਅਤੇ ਸਰਦ ਲਹਿਰਾਂ ਵਿਚ ਵਾਧਾ ਹੋਣਾ, ਪਹਾੜਾਂ ਦਾ ਖਿਸਕਣਾ ਆਦਿ ਸ਼ਾਮਲ ਹਨ।

ਉੱਤਰਾਖੰਡ ਵਿਚ 2013 ਕੇਦਾਰਨਾਥ ਵਿਚ ਬੱਦਲ ਦੇ ਫੱਟਣ ਨਾਲ ਭਿਆਨਕ ਹੜ੍ਹ ਆਇਆ ਸੀ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਸਥਾਨਕ ਲੋਕ ਅਤੇ ਸ਼ਰਧਾਲੂ ਮਾਰੇ ਗਏ ਅਤੇ ਲੱਖਾਂ ਸ਼ਰਧਾਲੂ ਕਈ ਦਿਨ ਖੱਜਲ-ਖੁਆਰ ਹੁੰਦੇ ਰਹੇ ਸਨ। ਇਸ ਘਟਨਾ ਵਿਚ ਪਹਾੜਾਂ ਦੇ ਖਿਸਕਣ ਕਾਰਨ ਉੱਤਰਾਖੰਡ ਦੇ ਕਈ ਪਿੰਡ ਆਪਣੀ ਥਾਂ ਤੋਂ ਖਿਸਕ ਕੇ ਕਈ ਕਿਲੋਮੀਟਰ ਥੱਲੇ ਚਲੇ ਗਏ ਸਨ। ਉੱਤਰਾਖੰਡ ਦੇ 900 ਪਿਘਲਣੇ ਗਲੇਸ਼ੀਅਰ ਕਿੰਨਾ ਜ਼ਿਆਦਾ ਨੁਕਸਾਨ ਪਹੁੰਚਾ ਸਕਦੇ ਹਨ ਇਸ ਦਾ ਅੰਦਾਜ਼ਾ 2023 ਵਿਚ ਸਿੱਕਮ ਦੀ ਗਲੇਸ਼ੀਅਲ ਲਹੌਨੈਂਕ ਝੀਲ ਦੇ ਫਟਣ ਤੋਂ ਹੋਏ ਨੁਕਸਾਨ ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ। ਲਹੌਨੈਂਕ ਗਲੇਸ਼ੀਅਲ ਝੀਲ ਦੇ ਫਟਣ ਕਾਰਨ 200 ਤੋਂ ਉੱਤੇ ਵਿਅਕਤੀਆਂ ਦੀ ਮੌਤ ਹੋ ਗਈ ਸੀ। ਤੀਸਤਾ ਨਦੀ ਉੱਤੇ ਲੱਗਿਆ ਤੀਸਤਾ ਡੈਮ-III ਅਤੇ ਨਦੀ ਉੱਤੇ ਲੱਗੇ ਸਾਰੇ ਪੁਲ ਹੜ੍ਹ ਗਏ ਸਨ। ਸਿੱਕਮ ਦੇ ਚਾਰ ਜ਼ਿਲ੍ਹਿਆਂ ਦੇ 80,000 ਲੋਕਾਂ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ ਸੀ।

ਵਿਗਿਆਨੀਆਂ ਨੇ ਉੱਤਰਾਖੰਡ ਦੇ ਗਲੇਸ਼ੀਅਰਾਂ ਦੇ ਪਿਘਲਣ ਦੇ ਮੁੱਖ ਕਾਰਨ ਧਰਤੀ ਦੇ ਔਸਤ ਤਾਪਮਾਨ ਦੇ ਵਾਧੇ, ਗਰੀਨਹਾਊਸ ਗੈਸਾਂ ਦੀ ਵਧ ਰਹੀ ਨਿਕਾਸੀ ਅਤੇ ਬਲੈਕ ਕਾਰਬਨ ਨੂੰ ਮੰਨਿਆ ਹੈ, ਪਰ ਤਾਪਮਾਨ ਦੇ ਵਾਧੇ ਲਈ ਉਤਰਾਖੰਡ ਦਾ ਆਰਥਿਕ ਵਿਕਾਸ ਮਾਡਲ ਵੀ ਜ਼ਿੰਮੇਵਾਰ ਹੈ।

ਆਰਥਿਕ ਵਿਕਾਸ ਲਈ ਉਤਰਾਖੰਡ ਵਿਚ ਸੈਰ-ਸਪਾਟਾ ਵਧਾਉਣ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਲਈ ਚਹੁੰ-ਮਾਰਗੀ ਸੜਕਾਂ ਦਾ ਨਿਰਮਾਣ, ਪਣ-ਬਿਜਲੀ ਪੈਦਾ ਕਰਨ ਲਈ ਦਰਿਆਵਾਂ ਉੱਤੇ ਉਨ੍ਹਾਂ ਦੀ ਸਮਰੱਥਾ ਤੋਂ ਵੱਧ ਡੈਮਾ ਦਾ ਨਿਰਮਾਣ ਆਦਿ ਲਈ ਜੰਗਲਾਂ ਦੀ ਅੰਧਾਧੁੰਦ ਕਟਾਈ ਹੋਈ ਹੈ। ਇਸ ਅਖੌਤੀ ਵਿਕਾਸ ਲਈ ਇੱਥੋਂ ਦੀ ਰਾਜ ਸਰਕਾਰ ਵਾਤਾਵਰਨ ਨਿਯਮਾਂ ਦੀ ਇੱਕ ਸਿਰੇ ਤੋਂ ਅਣਦੇਖੀ ਕਰ ਰਹੀ ਹੈ। ਦਰੱਖਤਾਂ ਦੀ ਅਣਹੋਂਦ ਕਾਰਨ ਵੀ ਉੱਤਰਾਖੰਡ ਰਾਜ ਦਾ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ।

ਸੈਰ-ਸਪਾਟਾ ਵਧਾਉਣ ਅਤੇ ਧਾਰਮਿਕ ਸਥਾਨਾਂ ਤੱਕ ਆਮ ਲੋਕਾਂ ਦੀ ਪਹੁੰਚ ਬਣਾਉਣ ਲਈ ਉੱਤਰਾਖੰਡ ਵਿਚ ਤੇਜ਼ੀ ਨਾਲ ਸੜਕਾਂ ਦਾ ਨਿਰਮਾਣ ਹੋ ਰਿਹਾ ਹੈ। ਗੰਗੋਤਰੀ, ਯਮਨੋਤਰੀ, ਬਦਰੀਨਾਥ ਅਤੇ ਕੇਦਾਰਨਾਥ ਧਾਮਾਂ ਨੂੰ ਜੋੜਨ ਲਈ ਜਿਹੜੀ ਆਲ-ਵੈਦਰ ਚਹੁੰ-ਮਾਰਗੀ ਸੜਕ ਬਣਾਈ ਜਾ ਰਹੀ ਹੈ ਉਸ ਦਾ 900 ਕਿਲੋਮੀਟਰ ਦਾ ਹਿੱਸਾ ਵਾਤਾਵਰਨ ਸੰਵੇਦਨਸ਼ੀਲ ਖੇਤਰ ਵਿਚੋਂ ਲੰਘਦਾ ਹੈ। ਇਸ ਹਿੱਸੇ ਨੂੰ ਬਣਾਉਣ ਲਈ ਵਾਤਾਵਰਨ ਨਿਯਮਾਂ ਨੂੰ ਅੱਖੋਂ-ਪਰੋਖੇ ਕਰਦਿਆਂ ਇਸ ਨੂੰ 58 ਹਿੱਸਿਆਂ ਵਿੱਚ ਵੰਡ ਕੇ ਬਣਾਇਆ ਜਾ ਰਿਹਾ ਹੈ।

ਸੜਕਾਂ ਬਣਾਉਣ ਲਈ ਭਾਰੀ ਮਸ਼ੀਨਰੀ ਦੀ ਵੀ ਵਰਤੋਂ ਕੀਤੀ ਜਾ ਰਹੀ ਹੈ। ਇਸ ਮਸ਼ੀਨਰੀ ਲਈ ਜਿਹੜਾ ਬਾਲਣ ਵਰਤਿਆ ਜਾਂਦਾ ਹੈ ਉਹ ਆਮ ਤੌਰ ਉੱਤੇ ਡੀਜ਼ਲ ਹੁੰਦਾ ਹੈ। ਡੀਜ਼ਲ ਭਾਰੀ ਮਾਤਰਾ ਵਿਚ ਬਲੈਕ ਕਾਰਬਨ ਦੀ ਨਿਕਾਸੀ ਕਰਕੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਦੇ ਨਾਲ ਨਾਲ ਤਾਪਮਾਨ ਵਿਚ ਵੀ ਵਾਧਾ ਕਰਦਾ ਹੈ। ਸੜਕਾਂ ਦੀ ਜਾਲ ਵਿਛਣ ਕਰਕੇ ਉੱਤਰਾਖੰਡ ਰਾਜ ਵਿਚ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ ਗਿਣਤੀ ਵੀ ਹਰ ਸਾਲ ਵਧਦੀ ਜਾ ਰਹੀ ਹੈ। ਸ਼ਰਧਾਲੂਆਂ ਅਤੇ ਸੈਲਾਨੀਆਂ ਦੇ ਰਹਿਣ ਅਤੇ ਖਾਣ-ਪੀਣ ਦੀ ਵਿਵਸਥਾ ਲਈ ਵੀ ਜੰਗਲਾਂ ਨੂੰ ਕੱਟ ਕੇ ਹੋਟਲ, ਮੋਟਲ, ਢਾਬੇ ਆਦਿ ਬਣਾਏ ਗਏ ਹਨ। ਇਸ ਤਰ੍ਹਾ ਸ਼ਰਧਾਲੂਆਂ ਅਤੇ ਸੈਲਾਨੀਆਂ ਦੀ



ਵਧਦੀ ਗਿਣਤੀ, ਹੋਟਲ, ਮੋਟਲ, ਢਾਬਿਆਂ ਵਿਚ ਕੰਮ ਕਰਨ ਵਾਲਿਆਂ ਦੀ ਮੌਜੂਦਗੀ ਅਤੇ ਉਨ੍ਹਾਂ ਦੇ ਖਾਣ-ਪੀਣ ਲਈ ਭੋਜਨ ਬਣਾਉਣ ਲਈ ਵਰਤਿਆ ਜਾ ਰਿਹਾ ਬਾਲਣ ਵੀ ਤਾਪਮਾਨ ਦੇ ਵਾਧੇ ਲਈ ਕਿਸੇ ਹੱਦ ਤੱਕ ਜ਼ਿੰਮੇਵਾਰ ਹਨ।

ਦਰਿਆਵਾਂ ਉੱਤੇ ਲੱਗੇ ਪਣ-ਬਿਜਲੀ ਪ੍ਰੋਜੈਕਟ ਅਤੇ ਨਵੇਂ ਬਣ ਰਹੇ ਪ੍ਰੋਜੈਕਟ ਵੀ ਤਾਪਮਾਨ ਵਿਚ ਵਾਧਾ ਕਰ ਰਹੇ ਹਨ। ਪ੍ਰੋਜੈਕਟ ਲਗਾਉਣ ਲਈ ਵਰਤੀ ਜਾਂ ਮਸ਼ੀਨਰੀ ਅਤੇ ਪਹਾੜਾਂ ਨੂੰ ਤੋੜਨ ਲਈ ਵਰਤੀ ਜਾ ਵਿਸਫੋਟਕ ਸਮੱਗਰੀ ਵੀ ਵਾਤਾਵਰਨ ਵਿਚ ਤਰ੍ਹਾਂ ਤਰ੍ਹਾਂ ਦੀਆਂ ਗੈਸਾਂ ਛੱਡ ਕੇ ਇਸ ਨੂੰ ਗਰਮਾ ਰਹੀ ਹੈ।

ਜੇਕਰ ਗਲੇਸ਼ੀਅਰ ਤੇਜ਼ੀ ਨਾਲ ਪਿਘਲਦੇ ਹਨ ਤਾਂ ਪਹਿਲਾਂ-ਪਹਿਲ ਦਰਿਆਵਾਂ ਵਿਚ ਜ਼ਿਆਦਾ ਪਾਣੀ ਆਉਣ ਨਾਲ ਮੈਦਾਨੀ ਇਲਾਕਿਆਂ ਵਿਚ ਹੜ੍ਹ ਆਉਣ ਦੀਆਂ ਘਟਨਾਵਾਂ ਵਿਚ ਕਈ ਗੁਣਾ ਵਾਧਾ ਹੋ ਜਾਵੇਗਾ। ਲੋਕ ਘਰੋ-ਬੇਘਰ ਹੋ ਜਾਣਗੇ, ਫਸਲਾਂ ਬਰਬਾਦ ਹੋ ਜਾਣਗੀਆਂ ਅਤੇ ਬਹੁਤ ਜ਼ਿਆਦਾ ਜਾਨੀ-ਮਾਲੀ ਨੁਕਸਾਨ ਹੋਵੇਗਾ। ਫਸਲਾਂ ਦੇ ਤਬਾਅ ਹੋਣ ਨਾਲ ਅਨਾਜ ਦੀ ਥੁੜ੍ਹ ਪੈਦਾ ਹੋ ਜਾਵੇਗੀ ਅਤੇ ਭਾਰਤ ਵਿਚ, ਜੋ ਦੁਨੀਆ ਦਾ ਸਭ ਤੋਂ ਆਬਾਦੀ ਵਾਲਾ ਦੇਸ਼ ਹੈ, ਖਾਧ ਪਦਾਰਥਾਂ ਦੀ ਥੁੜ੍ਹ ਪੈਦਾ ਹੋ ਜਾਵੇਗੀ। ਗਲੇਸ਼ੀਅਰਾਂ ਦੇ ਤੇਜ਼ੀ ਨਾਲ ਪਿਘਲਣ ਤੋਂ ਬਾਅਦ ਜਦੋਂ ਹੌਲੀ ਹੌਲੀ ਬਰਫ ਦੇ ਭੰਡਾਰ ਖਤਮ ਹੋਣ ਲੱਗ ਜਾਣਗੇ, ਤਾਂ ਇਕ ਸਮਾਂ ਅਜਿਹਾ ਆਵੇਗਾ ਜਦੋਂ ਦਰਿਆਵਾਂ ਵਿਚ ਪਾਣੀ ਘਟ ਜਾਵੇਗਾ ਜਿਸ ਤੇ ਨਤੀਜੇ ਵਜੋਂ ਦੇਸ਼ ਵਿਚ ਪਾਣੀ ਦੀ ਕਮੀ ਹੋ ਜਾਵੇਗੀ। ਪਾਣੀ ਦੀ ਥੁੜ੍ਹ ਕਾਰਨ ਸੋਕੇ ਵਰਗੇ ਹਾਲਾਤ ਪੈਦਾ ਹੋ ਜਾਣਗੇ ਅਤੇ ਅਨਾਜ ਦੀ ਪੈਦਾਵਾਰ ਦੀ ਵੱਡੀ ਘਾਟ ਆਵੇਗੀ ਜਿਸ ਦੇ ਨਤੀਜੇ ਵਜੋਂ ਅਕਾਲ ਪੈਣ ਵਰਗੀ ਸਥਿਤੀ ਵੀ ਆ ਸਕਦੀ ਹੈ। ਪਾਣੀ ਅਤੇ ਅਨਾਜ ਦੀ ਕਮੀ ਦੇ ਨਾਲ ਨਾਲ ਊਰਜਾ (ਬਿਜਲੀ) ਦਾ ਸੰਕਟ ਵੀ ਪੈਦਾ ਹੋ ਸਕਦਾ ਹੈ।

ਭਾਰਤ ਦੇ ਤਿੰਨ ਪਾਸੇ ਸਮੁੰਦਰ ਲੱਗਦਾ ਹੈ, ਗਲੇਸ਼ੀਅਰਾਂ ਦੇ ਪਿਘਲਣ ਕਾਰਨ ਸਮੁੰਦਰ ਦੇ ਪਾਣੀ ਦਾ ਪੱਧਰ ਉੱਚਾ ਹੋ ਜਾਵੇਗਾ ਅਤੇ ਦੇਸ਼ ਦੇ ਤੱਟਵਰਤੀ ਰਾਜਾਂ ਅਤੇ ਕੇਂਦਰੀ ਸ਼ਾਸ਼ਿਤ ਰਾਜਾਂ ਦੇ ਜਿਹੜੇ ਖੇਤਰ ਸਮੁੰਦਰ ਦੇ ਕਿਨਾਰਿਆਂ ਨਾਲ ਲਗਦੇ ਹਨ ਉਨ੍ਹਾਂ ਦਾ ਵੱਡਾ ਹਿੱਸਾ ਸਮੁੰਦਰ ਵਿਚ ਸਮਾ ਜਾਵੇਗਾ। ਸਮੁੰਦਰ ਦੇ ਜਲ ਪੱਧਰ ਦੇ ਉੱਚਾ ਹੋਣ ਕਾਰਨ ਸਮੁੰਦਰੀ ਆਫਤਾਂ ਦੀ ਆਮਦ ਦੀ ਗਿਣਤੀ ਵਿਚ ਵੀ ਵਾਧਾ ਹੋ ਜਾਵੇਗਾ।

ਗਲੇਸ਼ੀਅਰਾਂ ਨੂੰ ਪਿਘਲਣ ਤੋਂ ਰੋਕਣਾ ਭਾਵੇਂ ਅਜੋਕੀ ਹਾਲਤ ਵਿਚ ਸੰਭਵ ਨਹੀਂ ਹੈ, ਪਰ ਇਨ੍ਹਾਂ ਦੇ ਪਿਘਲਣ ਦੀ ਰਫਤਾਰ ਨੂੰ ਘਟਾਇਆ ਜ਼ਰੂਰ ਜਾ ਸਕਦਾ ਹੈ। ਭਾਵੇਂ ਗਲੇਸ਼ੀਅਰਾਂ ਦੇ ਪਿਘਲਣ ਦੀ ਸਮੱਸਿਆ ਸਿੱਧੇ ਤੌਰ ਉੱਤੇ ਤਾਪਮਾਨ ਦੇ ਵਾਧੇ ਨਾਲ ਸੰਬੰਧਿਤ ਹੈ, ਪਰ ਉੱਤਰਾਖੰਡ ਸਰਕਾਰ ਨੂੰ ਚਾਹੀਦਾ ਹੈ ਕਿ ਰਾਜ ਵਿਚ ਅਜਿਹੀਆਂ ਗਤੀਵਿਧੀਆਂ ਕਰਨ ਤੋਂ ਗੁਰੇਜ਼ ਕਰੇ ਜੋ ਸਥਾਨਕ ਤਾਪਮਾਨ ਵਿਚ ਵਾਧਾ ਕਰਦੀਆਂ ਹਨ। ਰਾਜ ਵਿਚ ਕਿਸੇ ਵੀ ਤਰ੍ਹਾਂ ਦੇ ਆਰਥਿਕ ਵਿਕਾਸ ਦੇ ਪ੍ਰੋਜੈਕਟ ਸ਼ੁਰੂ ਕਰਨ ਤੋਂ ਪਹਿਲਾਂ ਉਸ ਖੇਤਰ ਦੀ ਭੂਗੋਲਿਕ ਸਥਿਤੀ ਦੀ ਭੂ-ਵਿਗਿਆਨੀਆਂ ਤੋਂ ਜਾਂਚ ਕਰਾਵੇ, ਗਲੇਸ਼ੀਅਰਾਂ ਅਤੇ ਦਰਿਆਵਾਂ ਦੇ ਸਰੋਤਾਂ ਦੀ ਨਿਗਰਾਨੀ ਰੱਖੇ ਅਤੇ ਕੁਦਰਤੀ ਸਰੋਤਾਂ ਨਾਲ ਘੱਟ ਤੋਂ ਘੱਟ ਛੇੜਛਾੜ ਕਰੇ। ਜੰਗਲਾਂ ਦੀ ਕਟਾਈ ਤੋਂ ਬਾਅਦ ਨਵੇਂ ਦਰਖਤ ਸਥਾਨਕ ਕਿਸਮਾਂ ਦੇ ਹੀ ਲਗਾਉਣੇ ਚਾਹੀਦੇ ਹਨ। ਸੰਵੇਦਨਸ਼ੀਲ ਖੇਤਰਾਂ ਵਿਚ ਕਿਸੇ ਵੀ ਉਸਾਰੀ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਸੈਰ-ਸਪਾਟਾ ਵਿਭਾਗ ਦੇ ਅਧਿਕਾਰੀਆਂ ਨੂੰ ਸੈਲਾਨੀਆਂ ਦੀ ਗਿਣਤੀ ਨਿਸ਼ਚਤ ਕਰ ਦੇਣੀ ਚਾਹੀਦੀ ਹੈ ਤਾਂ ਕਿ ਕਿਸੇ ਵੀ ਗਤੀਵਿਧੀ ਨਾਲ ਸਥਾਨਕ ਤਾਪਮਾਨ ਵਿਚ ਵਾਧਾ ਨਾ ਹੋਵੇ।

# ਮੁਰਗੀਆਂ ਵਿੱਚ ਵਾਧੇ ਲਈ ਵਰਤੇ ਜਾਂਦੇ ਐਂਟੀਬਾਇਉਟਿਕਾਂ ਦੇ ਬਦਲ



**ਪਿਛਲੇ ਕੁਝ ਸਮੇਂ ਤੋਂ ਮੁਰਗੀਆਂ ਵਿੱਚ ਜੜ੍ਹੀ ਬੂਟੀਆਂ ਦੀ ਵਰਤੋਂ ਵਿੱਚ ਕਾਫੀ ਇਜ਼ਾਫਾ ਹੋਇਆ ਹੈ। ਇਹ ਜੜ੍ਹੀ ਬੂਟੀਆਂ ਸੌਖਿਆਂ ਹੀ ਮਿਲ ਜਾਂਦੀਆਂ ਹਨ ਅਤੇ ਇਹਨਾਂ ਦਾ ਐਂਟੀਬਾਇਉਟਿਕ ਵਾਂਗ ਕੋਈ ਨੁਕਸਾਨ ਨਹੀਂ ਹੁੰਦਾ। ਇਹਨਾਂ ਜੜ੍ਹੀ-ਬੂਟੀਆਂ ਦੀ ਵਰਤੋਂ ਖੁਰਾਕ ਨੂੰ ਸਵਾਦ ਬਣਾਉਂਦੀ ਹੈ। ਖ਼ੁਸ਼ਬੂ ਆਉਂਦੀ ਹੈ, ਪਾਚਨ ਪ੍ਰਣਾਲੀ ਲਈ ਵੀ ਚੰਗੀ ਹੈ, ਜਿਸ ਨਾਲ ਵਾਧਾ ਜ਼ਿਆਦਾ ਹੁੰਦਾ ਹੈ, ਕਈਂ ਜੜ੍ਹੀ-ਬੂਟੀਆਂ ਵਿੱਚ ਜਰਮ ਰੋਧਕ ਰਸਾਇਣ ਹੁੰਦੇ ਹਨ ਜੋ ਰੋਗਾਣੂਆਂ ਨੂੰ ਮਾਰ ਕੇ ਬੀਮਾਰੀਆਂ ਤੋਂ ਬਚਾਉਂਦੇ ਹਨ, ਅੰਤੜਿਆਂ ਦੇ ਬਣਤਰ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਕੇ ਖੁਰਾਕੀ ਤੱਤ ਦੀ ਸੋਖਣ ਦੀ ਦਰ ਨੂੰ ਵਧਾਉਂਦੀਆਂ ਹਨ।**

ਪਿਛਲੇ ਤਿੰਨ ਚਾਰ ਦਹਾਕਿਆਂ ਵਿੱਚ ਪੋਲਟਰੀ ਦਾ ਕਿੱਤਾ ਇਕ ਉਦਯੋਗ ਵਜੋਂ ਵਿਕਸਿਤ ਹੋ ਗਿਆ ਹੈ। ਨਵੀਆਂ ਤਕਨੀਕਾਂ ਅਤੇ ਖੋਜਾਂ ਕਾਰਨ ਪਹਿਲਾਂ ਜੋ ਬਰਾਇਲਰ 6 ਹਫਤਿਆਂ ਅਤੇ ਲਗਭਗ 2-2.5 ਕਿਲੋ ਦਾ ਹੁੰਦਾ ਸੀ, ਉਹੀ ਭਾਗ ਅੱਜਕੱਲ 5 ਹਫਤਿਆਂ ਵਿੱਚ ਮਿਲਣਾ ਸ਼ੁਰੂ ਹੋ ਗਿਆ ਹੈ। ਇਹਨਾਂ ਤਕਨੀਕਾਂ ਵਿੱਚ, ਇਕ ਸੀ ਐਂਟੀਬਾਇਉਟਿਕ ਦੀ ਵਰਤੋਂ। ਇਸ ਮੰਤਵ ਲਈ ਐਂਟੀਬਾਇਉਟਿਕ ਦੀ ਮਿਕਦਾਰ ਬੀਮਾਰੀ ਹੋਣ ਦੀ ਸੂਰਤ ਵਿੱਚ ਵਰਤੀ ਜਾਂਦੀ ਮਿਕਦਾਰ ਤੋਂ ਘੱਟ ਹੁੰਦੀ ਹੈ। ਇਸ ਘੱਟ ਮਿਕਦਾਰ ਵਿੱਚ ਐਂਟੀਬਾਇਉਟਿਕ ਦੀ ਵਰਤੋਂ ਮੁਰਗੀਆਂ ਦੇ ਸਰੀਰ ਵਿੱਚ ਮੌਜੂਦ ਰੋਗਾਣੂਆਂ ਨੂੰ ਨਸ਼ਟ ਕਰ ਦਿੰਦੀ ਹੈ ਅਤੇ ਇਸ ਤਰ੍ਹਾਂ ਇਹ ਮੁਰਗੀਆਂ ਨੂੰ ਬੀਮਾਰ ਹੋਣ ਤੋਂ ਬਚਾਉਂਦੀ ਹੈ। ਦੂਸਰੀ ਤਰਫ ਇਹ ਅੰਤੜੀਆਂ ਦੀ ਪਰਤ ਨੂੰ ਪਤਲਾ ਕਰਕੇ ਖੁਰਾਕੀ ਤੱਤਾਂ ਦੀ ਸੋਖਣ ਦੀ ਦਰ ਨੂੰ ਵਧਾਉਂਦੀ ਹੈ ਸੋ ਇਸ ਕਰਕੇ ਇਹਨਾਂ ਮੁਰਗੀਆਂ ਵਿੱਚ ਜ਼ਿਆਦਾ ਵਾਧਾ ਹੁੰਦਾ ਹੈ।

ਸੋ ਮੁਰਗੀ ਪਾਲਕਾਂ ਨੇ ਇਹਨਾਂ ਐਂਟੀਬਾਇਉਟਿਕਾਂ ਜਿਵੇਂ ਕਿ ਔਕਸੀ-ਟੈਟਰਾਸਾਈਕਲੀਨ, ਸਿਪਰੋਫਲੋਕਸਾਸਿਨ,



ਬੇਸੀਟਰਾਸੀਨ ਆਦਿ ਦੀ ਅੰਧਾ ਧੁੰਦ ਵਰਤੋਂ ਸ਼ੁਰੂ ਕਰ ਦਿੰਦੀ ਪਰ ਕਹਿੰਦੇ ਨੇ ਹਰੇਕ ਚੀਜ਼ ਦੀ ਅੱਤ ਮਾੜੀ ਹੁੰਦੀ ਹੈ।

ਸੋ ਇਸ ਦੇ ਵੀ ਮਾੜੇ ਪ੍ਰਭਾਵ ਸਾਹਮਣੇ ਆਉਣੇ ਸ਼ੁਰੂ ਹੋ ਗਏ। ਇਕ ਤਾਂ ਰੋਗਾਣੂ ਜਿਹੜੇ ਪਹਿਲਾਂ ਐਂਟੀਬਾਇਉਟਿਕ ਨਾਲ ਮਰ ਜਾਂਦੇ ਸਨ, ਉਹਨਾਂ ਵਿੱਚ ਇਸ ਪ੍ਰਤੀ ਪ੍ਰਤੀਰੋਧਤਾ ਬਣਨਾ ਸ਼ੁਰੂ ਹੋ ਜਾਂਦੀ ਹੈ ਅਤੇ ਹੌਲੀ ਹੌਲੀ ਇਹਨਾਂ ਐਂਟੀਬਾਇਉਟਿਕਾਂ ਦਾ ਅਸਰ ਹੋਣਾ ਵੀ ਬੰਦ ਹੋ ਜਾਂਦਾ ਹੈ। ਇਹਨਾਂ ਰੋਗਾਣੂਆਂ ਨੂੰ ਸੁਪਰ-ਬੱਗ ਕਿਹਾ ਜਾਂਦਾ ਹੈ। ਦੂਸਰਾ ਇਹ ਰੋਗਾਣੂ ਮਨੁੱਖਾਂ ਵਿੱਚ ਵੀ ਰੋਗ ਪੈਦਾ ਕਰ ਸਕਦੇ ਹਨ ਅਤੇ ਇਹਨਾਂ ਦੀ ਰੋਕਥਾਮ ਲਈ ਉਪਰੋਕਤ ਜਾਂ ਹੋਰ ਐਂਟੀਬਾਇਉਟਿਕਾਂ ਦੀ ਵਰਤੋਂ ਹੁੰਦੀ ਹੈ। ਸੋਚੋ ਜੇ ਇਹ ਐਂਟੀਬਾਇਉਟਿਕਾਂ ਦਾ ਰੋਗਾਣੂਆਂ ਤੇ ਅਸਰ ਬੰਦ ਹੋ ਗਿਆ ਤਾਂ ਬਣੂ? ਮੁਰਗਿਆਂ ਦੀ ਮੀਟ ਰਾਹੀਂ ਇਹ ਐਂਟੀਬਾਇਉਟਿਕ ਮਨੁੱਖੀ ਸਰੀਰ ਵਿੱਚ ਜਾ ਰਹੇ ਹਨ। ਜਿਸ ਦੇ ਸਿੱਟੇ ਵਜੋਂ ਕਈ ਹੋਰ ਰੋਗਾਣੂਆਂ ਵਿੱਚ ਵੀ ਪ੍ਰਤੀਰੋਧ ਬਣਨਾ



ਸ਼ੁਰੂ ਹੋ ਗਿਆ, ਕਿਉਂਕਿ ਜਿਹੜੀ ਐਂਟੀਬਾਇਉਟਿਕ ਪਹਿਲਾਂ ਘੱਟ ਮਿਕਦਾਰ ਵਿੱਚ ਵੀ ਅਸਰ ਕਰਦੀ ਉਹੀ ਅੱਜਕਲ ਜ਼ਿਆਦਾ ਮਿਕਦਾਰ ਵਿੱਚ ਲਾਉਣੀ ਪੈ ਰਹੀ ਹੈ।

ਸੋ ਸਮਾਂ ਰਹਿੰਦੇ ਹੀ ਅਤੇ ਇਸ ਮੁੱਦੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਕਈ ਵਿਕਸਿਤ ਦੇਸ਼ਾਂ ਜਿਵੇਂ ਕਿ ਯੂਰਪ, ਸਵੀਡਨ ਆਦਿ ਨੇ ਇਹਨਾਂ ਐਂਟੀਬਾਇਉਟਿਕਾਂ ਦੀ ਮੁਰਗਿਆਂ ਅਤੇ ਸੂਰਾਂ ਵਿੱਚ ਵਾਧੇ ਲਈ ਵਰਤੇ ਅਤੇ 2006 ਤੋਂ ਸੰਪੂਰਨ ਰੋਕ ਲਗਾ ਦਿੱਤੀ ਹੈ। ਦੇਖਾ ਦੇਖੀ ਹੋਰ ਵੀ ਕਈਂ ਵਿਕਸਿਤ ਦੇਸ਼ ਇਸ ਸੂਚੀ ਵਿੱਚ ਸ਼ਾਮਿਲ ਹੋ ਗਏ ਹਨ ਜਾਂ ਹੋਣ ਵਾਲੇ ਨੇ। ਪਰ ਆਪਣੇ ਮੁਲਕ ਵਿੱਚ ਇਸ ਰੋਕ ਦੀ ਕੋਈ ਵਾਧੀ-ਧਾਈ ਨਹੀਂ ਹੈ ਅਤੇ ਇਹਨਾਂ ਦੀ ਵਰਤੋਂ ਬੇ-ਰੋਕ ਟੋਕ ਨਾਲ ਹੋ ਰਹੀ ਹੈ, ਕਿਉਂਕਿ ਨਾ ਤਾਂ ਨੀਤੀ ਘਾੜੂ ਇਸ ਪ੍ਰਤੀ ਸੁਚੇਤ ਹਨ ਅਤੇ ਨਾ ਹੀ ਮੁਰਗੀ ਪਾਲਕ।

ਸਾਇੰਸ ਅਤੇ ਵਾਤਾਵਰਣ ਕੇਂਦਰ ਵਲੋਂ ਕੀਤੇ ਇੱਕ ਸਰਵੇਖਣ ਵਿੱਚ ਛਪੀ ਰਿਪੋਰਟ ਬੜੀ ਹੈਰਾਨੀਜਨਕ ਤੱਥ ਪੇਸ਼ ਕੀਤੇ ਸਨ, ਇਸ ਸਰਵੇਖਣ ਵਿੱਚ ਦਿੱਲੀ ਦੇ ਆਲੇ ਦੁਆਲੇ ਦੇ ਇਲਾਕੇ ਵਿੱਚੋਂ 70 ਚਿਕਨ ਦੇ ਸੈਂਪਲ ਲਏ ਗਏ ਅਤੇ ਇਹਨਾਂ ਨੂੰ ਪੰਜ ਐਂਟੀਬਾਇਉਟਿਕਾਂ ਦੀ ਰਹਿੰਦ ਖੂੰਹਦ ਲਈ ਚੈਕ ਕੀਤਾ ਗਿਆ ਅਤੇ ਇਹਨਾਂ ਵਿੱਚੋਂ 40 ਪ੍ਰਤੀਸ਼ਤ ਸੈਂਪਲਾਂ ਵਿੱਚ ਕਿਸੇ ਨਾਲ ਕਿਸੇ ਐਂਟੀਬਾਇਉਟਿਕਾਂ ਦੀ ਰਹਿੰਦ-ਖੂੰਹਦ ਪਾਈ ਗਈ। ਇਸ ਸਰਵੇਖਣ ਅਨੁਸਾਰ ਭਾਰਤੀਆਂ ਵਿੱਚ ਐਂਟੀਬਾਇਉਟਿਕਾਂ ਦੀ ਪ੍ਰਤੀਰੋਧਤਾ ਵੱਧ ਰਹੀ ਹੈ, ਭਾਵ ਇਹ ਐਂਟੀਬਾਇਉਟਿਕਾਂ ਅਸਰਹੀਨ ਹੋ ਰਹੇ ਹਨ। ਇਹ ਇਕ ਬੜੀ ਹੀ ਚਿੰਤਾ ਵਾਲੀ ਗੱਲ ਹੈ ਕਿਉਂਕਿ ਜੋ ਐਂਟੀਬਾਇਉਟਿਕਾਂ ਅਸਰਹੀਨ ਹੋ ਗਏ ਹਨ ਤਾਂ ਬੀਮਾਰੀ ਹੋਣ ਦੀ ਸੂਰਤ ਵਿੱਚ ਇਲਾਜ ਕਿਸ ਤਰ੍ਹਾਂ ਹੋਵੇਗਾ?

ਸੋ ਇਸ ਵਿਸ਼ੇ ਤੇ ਨੀਤੀ ਘਾੜੂਆਂ ਨੂੰ ਵੀ ਸੋਚਣਾ ਚਾਹੀਦਾ ਹੈ ਅਤੇ ਮੁਰਗੀ ਪਾਲਕਾਂ ਨੂੰ ਵੀ, ਤਾਂ ਕਿ ਮੁਰਗੀਆਂ ਦੇ ਵਾਧੇ ਲਈ ਕੋਈ ਹੋਰ ਅਸਰਦਾਇਕ ਢੰਗ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ ਅਤੇ ਨਾਲ ਹੀ ਮਨੁੱਖੀ ਜੀਵਨ ਨੂੰ ਵੀ ਬਚਾਇਆ ਜਾ ਸਕੇ।

ਸੰਸਾਰ ਪੱਧਰ ਤੇ ਵਿਗਿਆਨੀਆਂ ਨੇ ਵਾਧੇ ਲਈ ਵਰਤੇ ਜਾਂਦੇ ਐਂਟੀਬਾਇਉਟਿਕ ਦੇ ਬਦਲਵੇਂ ਢੰਗ ਲੱਭਣ ਲਈ ਖੋਜਾਂ ਸ਼ੁਰੂ ਕੀਤੀਆਂ ਹੋਈਆਂ ਨੇ। ਕੁਝ ਕੁ ਖੋਜਾਂ ਦੇ ਸਾਰਥਕ ਸਿੱਟੇ ਆਏ ਹਨ। ਜਿਨ੍ਹਾਂ ਦਾ ਵਰਨਣ ਹੇਠ ਲਿਖੇ ਅਨੁਸਾਰ ਹੈ।

1) **ਪਰੋਬਾਇਉਟਿਕ (Probiotic)**: ਪਰੋਬਾਇਉਟਿਕ ਸੂਖਮ ਜੀਵਾਂ ਜਾਂ ਜੀਵਾਂ ਦੇ ਸਮੂਹ ਨੂੰ ਕਿਹਾ ਜਾਂਦਾ ਹੈ ਜਿਹੜੇ ਵਰਤਣ ਵਾਲੇ ਦੇ ਅੰਤੜੀਆਂ ਵਿੱਚ ਸਿਹਤਮੰਦ ਪ੍ਰਭਾਵ ਪੈਦਾ ਕਰਦੇ ਹਨ। ਇਹ ਅੰਤੜੀਆਂ ਵਿੱਚ ਮਿੱਤਰ ਸੂਖਮ ਜੀਵਾਂ ਦੀ ਗਿਣਤੀ ਨੂੰ ਵਧਾ ਕੇ ਅੰਤੜੀ ਵਿੱਚ ਮੌਜੂਦ ਦੁਸ਼ਮਣ (ਰੋਗਾਣੂ) ਸੂਖਮ ਜੀਵਾਂ ਨੂੰ ਬਾਹਰ ਕੱਢਣ ਵਿੱਚ ਸਹਾਈ ਹੁੰਦੇ ਹਨ। ਇਹ ਮਿੱਤਰ ਜੀਵਾਂ ਵਿੱਚ ਕੁੱਝ ਬੈਕਟੀਰੀਆ ਜਿਵੇਂ ਲੈਕਟੋਬੈਸੀਲੇਸਿਸ, ਐਨਟੈਰੋਕੋਕਸ ਆਦਿ, ਕੁਝ ਉੱਲੀਆਂ ਤੇ ਖਮੀਰ ਹੁੰਦੇ ਹਨ। ਸੋ ਉਪਰੋਕਤ ਪ੍ਰਕਿਰਿਆ ਰਾਹੀਂ ਇਹ ਜੀਵ ਬਿਮਾਰੀ ਨੂੰ ਰੋਕਦੇ ਹਨ ਅਤੇ ਅੰਤੜੀਆਂ ਵਿਚਲੀ ਬਣਤਰ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਂਦੇ ਹਨ। ਜਿਸ ਰਾਹੀਂ ਵਧੇਰੇ ਖੁਰਾਕੀ ਤੱਤ ਸੋਖੇ ਜਾਂਦੇ ਹਨ। ਜਿਸ ਨਾਲ ਮਰਗੀਆਂ ਵਿਚ ਵਧੇਰੇ ਵਾਧਾ ਹੁੰਦਾ ਹੈ। ਵਧੇਰੇ ਵਿਗਿਆਨੀਆਂ ਦਾ ਮੰਨਣਾ ਹੈ ਕਿ ਪਰੋਬਾਇਉਟਿਕ ਦਾ ਪ੍ਰਭਾਵ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕਿਹੜਾ ਸੂਖਮ ਜੀਵ ਵਰਤਿਆ ਗਿਆ ਹੈ ਉਸਦੀ ਮਾਤਰਾ ਕਿੰਨੀ ਵਰਤੀ ਗਈ, ਮੁਰਗੇ ਦੀ ਨਸਲ ਤੇ ਵਾਤਾਵਰਣ ਕਿਹੋ ਜਿਹਾ ਹੈ।

2) **ਪਰੀ ਬਾਇਉਟਿਕ (Pre biotic)**: ਪਰੀ ਬਾਇਉਟਿਕ- ਨਾ ਹਜ਼ਮ ਹੋਣ ਯੋਗ ਪਦਾਰਥ ਹੁੰਦੇ ਹਨ ਜਿਹੜੇ ਵਰਤਣ ਵਾਲੇ ਦੀ ਅੰਤੜੀ ਵਿੱਚ ਜਾ ਕੇ ਉੱਥੇ ਮੌਜੂਦ ਮਿੱਤਰ ਸੂਖਮ ਜੀਵਾਂ ਦੀ ਗਿਣਤੀ ਵਧਾਉਣ ਵਿੱਚ ਮਦਦ ਕਰਦੇ ਹਨ। ਇਹਨਾਂ ਪਦਾਰਥਾਂ ਵਿੱਚ ਆਮ ਕਰਕੇ ਫਰਕਟੋਓਲੀਗੋਸੈਕਾਰਾਇਡ (FOS) ਗੁਲੂਕੋਓਲੀਗੋ ਸੈਕਾਰਾਇਡ (GOS) ਆਦਿ ਆਉਂਦੇ ਹਨ। ਇਹਨਾਂ ਦਾ ਪ੍ਰਭਾਵ ਮਿੱਤਰ ਸੂਖਮ ਜੀਵਾਂ ਦੀ ਗਿਣਤੀ ਵੱਧਣ ਕਰਕੇ ਹੀ ਹੁੰਦਾ ਹੈ। ਜਿਵੇਂ ਕਿ ਪਰੋ ਬਾਇਉਟਿਕ ਵਿੱਚ ਦਰਸਾਇਆ ਗਿਆ ਹੈ। ਜੇ ਦੋਵਾਂ ਪਰੋ ਅਤੇ ਪਰੀ ਬਾਇਉਟਿਕ ਨੂੰ ਇਕੱਠਾ ਕਰਕੇ ਵਰਤਿਆ ਜਾਵੇ ਤਾਂ ਉਸ ਨੂੰ ਸਿਨ ਬਾਇਉਟਿਕ (Synbiotic) ਕਹਿੰਦੇ ਹਨ।

3) **ਪਾਚਕ ਰਸ (ਐਨਜਾਇਮ)**: ਇਹਨਾਂ ਬਾਹਰੀ ਪਾਚਕ ਰਸਾਂ ਦੀ ਵਰਤੋਂ ਵੀ ਵਾਧਾ ਦਰ ਵਧਾਉਣ ਵਾਸਤੇ ਕੀਤੀ ਜਾਂਦੀ ਹੈ। ਇਹ ਖਾਸ ਕਰਕੇ ਉਦੋਂ ਜ਼ਿਆਦਾ ਫਾਇਦੇਮੰਦ ਹੁੰਦੇ ਹਨ, ਜਦੋਂ ਮਾੜੀ ਮਿਆਰ ਦੀ ਖੁਰਾਕ ਵਰਤੀ ਹੋਵੇ, ਜਿਸ ਵਿੱਚ ਖੁਰਾਕੀ ਤੱਤ ਘੱਟ ਮਿਲਣਯੋਗ ਹੋਣ, ਕਈ ਖੋਜਾਂ ਇਹ ਸਾਬਿਤ ਕਰਦੀਆਂ ਹਨ ਕਿ ਇਹਨਾਂ ਪਾਚਕ ਰਸਾਂ ਦੀ ਵਰਤੋਂ ਨਾਲ ਉਤਪਾਦਨ ਦਰ ਲਗਭਗ 10% ਤੱਕ ਵੱਧ ਜਾਂਦੀ ਹੈ। ਪਾਚਕ ਰਸਾਂ ਦਾ ਚੰਗਾ ਪ੍ਰਭਾਵ ਕਈ ਗੱਲਾਂ ਤੇ ਨਿਰਭਰ ਕਰਦਾ ਹੈ ਜਿਵੇਂ ਕਿ ਖੁਰਾਕ ਦੀ ਕੁਆਲਿਟੀ ਅਤੇ ਪਾਚਕ ਰਸ ਦੀ ਕਿਸਮ ਅਤੇ ਮਿਕਦਾਰ ਆਦਿ। ਉਦਾਹਰਣ ਵਜੋਂ ਫਾਈਟੇਜ (Phytase) ਨਾਂ ਦੇ ਪਾਚਕ ਰਸ ਦੀ ਵਰਤੋਂ ਖੁਰਾਕ ਵਿਚਲੇ ਬੰਨੇ ਹੋਏ ਅਤੇ ਨਾਂ ਮਿਲਣਯੋਗ ਫਾਸਫੋਰਸ ਦੀ ਮਾਤਰਾ ਨੂੰ ਵਧਾਉਂਦੀ ਹੈ, ਜਿਸ ਨਾਲ ਵਾਧਾ ਦਰ ਵੱਧਦੀ ਹੈ। ਇਸੇ ਤਰ੍ਹਾਂ ਦੂਸਰੇ ਪਾਚਕ ਰਸਾਂ ਦੀ ਵਰਤੋਂ ਖੁਰਾਕੀ ਤੱਤਾਂ ਦੀ ਹਜ਼ਮਹੋਣ ਦੀ ਮਿਕਦਾਰ ਨੂੰ ਵਧਾ ਕੇ ਵਾਧਾ ਦਰ ਵਧਾਉਂਦੀ ਹੈ।

4) **ਤੇਜ਼ਾਬੀਪਣ ਕਰਨ ਵਾਲੇ ਪਦਾਰਥ (ਐਸਡੀਫਾਇਰ)**: ਆਮ ਤੌਰ ਤੇ ਤੇਜ਼ਾਬੀਪਣ ਕਰਨ ਲਈ ਤੇਜ਼ਾਬ ਜਿਵੇਂ ਕਿ ਫਾਰਮਿਕ ਐਸਿਡ, ਫਿਊਮੈਰਿਕ ਐਸਿਡ ਦੀ ਵਰਤੋਂ ਕੀਤੀ ਜਾਂਦੀ ਹੈ ਇਹ ਤੇਜ਼ਾਬ ਇਕੱਲੇ ਜਾਂ ਮਿਸ਼ਰਣ ਰੂਪ ਵਿੱਚ ਵਰਤੇ ਜਾਂਦੇ ਹਨ। ਇਹਨਾਂ ਦੀ ਵਰਤੋਂ ਨਾਲ ਫੀਡ ਦੀ ਪੀ ਐਚ ਤੇਜ਼ਾਬੀਪਣ ਵਾਲੇ ਪਾਸੇ ਆ ਜਾਂਦੀ ਹੈ। ਜਿਸ ਨਾਲ ਇੱਕ ਤਾਂ ਫੀਡ ਵਿੱਚ ਮੌਜੂਦ ਰੋਗਾਣੂ ਮਰ ਜਾਂਦੇ ਹਨ ਅਤੇ ਦੂਜਾ ਅਜਿਹੀ ਫੀਡ ਖਾਣ ਨਾਲ ਪਾਚਣ ਪ੍ਰਣਾਲੀ ਵਿਚਲੇ ਰੋਗਾਣੂ ਵੀ ਕਾਫੀ ਹੱਦ ਤੱਕ ਮਰ ਜਾਂਦੇ ਹਨ। ਸਿੱਟੇ ਵਜੋਂ ਖਾਣ ਦੀ ਦਰ ਵਿੱਚ ਹੋਣ ਵਾਲੇ ਵਾਧੇ ਬਦੌਲਤ, ਮੁਰਗੀਆਂ ਵਿੱਚ ਵੱਧ ਵਾਧਾ ਦਰ ਹੁੰਦੀ ਹੈ।

5) **ਐਂਟੀ ਔਕਸੀਡੈਂਟ (Anti oxidants)**: ਸਰੀਰ ਵਿੱਚ ਨਿਰੰਤਰ ਪ੍ਰਕਿਰਿਆਵਾਂ ਹੁੰਦੀਆਂ ਰਹਿੰਦੀਆਂ ਹਨ। ਆਮ ਤੌਰ ਤੇ ਇਕ ਪ੍ਰਕਿਰਿਆ ਦੇ ਅੰਤ ਵਿੱਚ ਬਣੇ ਪਦਾਰਥ ਦੂਸਰੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਲਈ ਚਾਹੀਦੇ ਹੁੰਦੇ ਹਨ। ਪਰ ਕੁਝ ਪ੍ਰਕਿਰਿਆਵਾਂ ਇਸ ਤਰ੍ਹਾਂ ਦੀਆਂ ਹੁੰਦੀਆਂ ਨੇ ਜਿਨ੍ਹਾਂ ਵਿੱਚ ਕੁਝ ਅਜਿਹੇ ਅਣੂ ਬਣ ਜਾਂਦੇ ਹਨ ਜਿਹੜੇ ਕਿਸੇ ਪ੍ਰਕਿਰਿਆ ਵਿੱਚ ਫਿੱਟ ਨਹੀਂ ਹੁੰਦੇ, ਅਜਿਹੇ ਅਣੂਆਂ ਨੂੰ ''ਫਰੀ ਰੈਡੀਕਲ'' ਕਿਹਾ ਜਾਂਦਾ ਹੈ। ਇਹ ਫਰੀ ਰੈਡੀਕਲ ਸਰੀਰ ਲਈ ਘਾਤਕ ਹੁੰਦੇ ਹਨ। ਸੋ ਇਹਨਾਂ ਦੀ ਰੋਕਥਾਮ ਬਹੁਤ ਜ਼ਰੂਰੀ ਹੈ। ਐਂਟੀ ਔਕਸੀਡੈਂਟ ਅਜਿਹੇ ਪਦਾਰਥ ਹੁੰਦੇ ਹਨ ਜਿਹੜੇ ਇਹਨਾਂ ਫਰੀ ਰੈਡੀਕਲਾਂ ਨੂੰ ਜਾਂ ਤਾ ਬਣਨ ਤੋਂ ਰੋਕਦੇ ਹਨ ਜਾਂ ਬਣੇ ਹੋਇਆਂ ਨੂੰ ਮਾਰਦੇ ਹਨ। ਐਂਟੀ ਔਕਸੀਡੈਂਟ ਪਦਾਰਥਾਂ ਵਿੱਚ ਵਿਟਾਮਿਨ ਈ, ਸਲੀਨੀਅਮ, ਵਿਟਾਮਿਨ ਏ, ਵਿਟਾਮਿਨ ਸੀ ਆਦਿ ਪ੍ਰਮੁੱਖ ਹਨ। ਵਾਧਾ ਦਰ ਦੇ ਨਾਲ ਨਾਲ ਇਹ ਪਦਾਰਥ ਮੀਟ ਦੀ ਕੁਆਲਟੀ ਵੀ ਵਧਾਉਂਦੇ ਹਨ।

6) **ਜੜੀ ਬੂਟੀਆਂ**: ਪਿਛਲੇ ਕੁਝ ਸਮੇਂ ਤੋਂ ਮੁਰਗੀਆਂ ਵਿੱਚ ਜੜ੍ਹੀ ਬੂਟੀਆਂ ਦੀ ਵਰਤੋਂ ਵਿੱਚ ਕਾਫੀ ਇਜ਼ਾਫਾ ਹੋਇਆ ਹੈ। ਇਹ ਜੜ੍ਹੀ ਬੂਟੀਆਂ ਸੌਖਿਆਂ ਹੀ ਮਿਲ ਜਾਂਦੀਆਂ ਹਨ ਅਤੇ ਇਹਨਾਂ ਦਾ ਐਂਟੀਬਾਇਉਟਿਕ ਵਾਂਗ ਕੋਈ ਨੁਕਸਾਨ ਨਹੀਂ ਹੁੰਦਾ। ਇਹਨਾਂ ਜੜ੍ਹੀ-ਬੂਟੀਆਂ ਦੀ ਵਰਤੋਂ ਖੁਰਾਕ ਨੂੰ ਸਵਾਦ ਬਣਾਉਂਦੀ ਹੈ। ਖ਼ੁਸ਼ਬੂ ਆਉਂਦੀ ਹੈ, ਪਾਚਨ ਪ੍ਰਣਾਲੀ ਲਈ ਵੀ ਚੰਗੀ ਹੈ, ਜਿਸ ਨਾਲ ਵਾਧਾ ਜ਼ਿਆਦਾ ਹੁੰਦਾ ਹੈ, ਕਈਂ ਜੜ੍ਹੀ-ਬੂਟੀਆਂ ਵਿੱਚ ਜਰਮ ਰੋਧਕ ਰਸਾਇਣ ਹੁੰਦੇ ਹਨ ਜੋ ਰੋਗਾਣੂਆਂ ਨੂੰ ਮਾਰ ਕੇ ਬੀਮਾਰੀਆਂ ਤੋਂ ਬਚਾਉਂਦੇ ਹਨ, ਅੰਤੜਿਆਂ ਦੇ ਬਣਤਰ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਕੇ ਖੁਰਾਕੀ ਤੱਤ ਦੀ ਸੋਖਣ ਦੀ ਦਰ ਨੂੰ ਵਧਾਉਂਦੀਆਂ ਹਨ। ਲੱਸਣ, ਅਸ਼ਵਗੰਧਾ, ਤੁਲਸੀ, ਆਂਵਲਾ, ਘੀਆ ਕੁਆਰ, ਕਾਲੀ ਮਿਰਚ, ਲਾਲ ਮਿਰਚ, ਹਲਦੀ, ਸਤਾਵਰੀ ਆਦਿ ਤੇ ਕਈਂ ਸਾਰੀਆਂ ਖੋਜਾਂ ਹੋ ਚੁੱਕੀਆਂ ਹਨ, ਜੋ ਇਹਨਾਂ ਨੂੰ ਐਂਟੀਬਾਇਉਟਿਕ ਦੇ ਇੱਕ ਕਾਰਗਰ ਬਦਲ ਦੇ ਰੂਪ ਵਿੱਚ ਸਾਬਿਤ ਕਰਦੀਆਂ ਹਨ।

# ਖੇਤੀਬਾੜੀ ਖੇਤਰ ’ਚ ਜ਼ਮੀਨੀ ਪੱਧਰ ਤੇ ਖੇਤੀ ਕਰਨੀ ਔਖੀ ਜਾਂ ਸਮਝਣੀ ਔਖੀ?



**ਕਮਲਇੰਦਰਜੀਤ ਸਿੰਘ ਬਾਜਵਾ**
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

**ਪਿਛਲੇ ਦਿਨਾਂ ਮੰਡੀਆਂ ’ਚ ਜਿਨਸ ਰੁਲਣ ਦਾ ਦੁੱਖਦਾਈ ਦੌਰ ਦੇਖਿਆ। ਜਿਸ ਕਰਕੇ ਕਿਸਾਨ ਯੂਨੀਅਨਾਂ ਵੱਲੋਂ ਜ਼ਰੂਰ ਭਰਵਾਂ ਰੋਸ ਪੰਜਾਬ ਪੱਧਰੀ ਕੀਤਾ ਗਿਆ। ਏਥੇ ਆਪਣੇ ਪੱਧਰ ਤੇ ਵੀ ਛੋਟੇ ਹੱਲ ਤਰਾਸ਼ਣੇ ਵੀ ਬੇਹੱਦ ਜ਼ਰੂਰੀ ਹਨ, ਜਿਵੇਂ ਝੋਨੇ ਨੂੰ ਥੋੜੇ ਰਕਬੇ ’ਚ ਲਗਾ ਕੇ ਏਸ ਦੀ ਥਾਂ ਬਦਲਵੀਂ ਫਸਲ ਨੂੰ ਵੀ ਥੋੜੇ ਰਕਬੇ ਹੇਠ ਵਧਾਉਣ ਨੂੰ ਤਰਜੀਹ ਦੇਣੀ, ਦੂਜਾ ਝੋਨੇ ਦੀ ਥਾਂ ਜੀਵਾਂ ਦੀ ਕਾਸ਼ਤ ਮਤਲਬ ਸਹਾਇਕ ਧੰਦਿਆਂ ਜਾਨਵਰ/ਪੰਛੀ ਨੂੰ ਥੋੜ੍ਹੇ ਰਕਬੇ ਵਿਚ ਵਧਾਉਣਾ, ਉਹਨਾਂ ਫਸਲਾਂ ਵੱਲ ਵੀ ਥੋੜੇ ਰਕਬੇ ਤੋਂ ਸ਼ੁਰੂਆਤ ਕਰਨੀ ਜਿਵੇਂ ਅਗਾਂਹ ਆਪਣੇ ਪੱਧਰ ਤੇ ਉਸਨੂੰ ਹੋਰ ਉਤਪਾਦਾਂ ਵਿਚ ਲਿਆਂਦਾ ਜਾ ਸਕੇ ਜਿਵੇਂ ਪ੍ਰੋਸੈਸਿੰਸ ਰੂਪ ਵਿਚ ਹਲਦੀ ਪਾਊਡਰ, ਸ਼ੱਕਰ, ਮਸਾਲੇਦਾਰ, ਅਗੇਤੀਆਂ ਸਬਜ਼ੀਆਂ, ਜਾਂ ਖੇਤੀ ਵਿਭਿੰਨਤਾ ਵੱਲ ਆਦਿ ਜਿਸਦਾ ਛੋਟੇ ਪੱਧਰ ਤੇ ਮੰਡੀਕਰਨ ਵੀ ਕੁੱਝ ਆਪਣੇ ਪੱਧਰ ਤੇ ਸੋਸ਼ਲ ਮੀਡੀਆ ਰਾਹੀਂ, ਆਪੋ ਆਪਣੇ ਨੇੜੇ ਦੇ ਕਿਸਾਨ ਭਰਾਵਾਂ ਦੀ ਮੇਲਜੋਲ ਤੇ ਇਕੱਤਰਤਾ ਰਾਹੀਂ, ਜ਼ਿਲ੍ਹਾ ਪ੍ਰਸ਼ਾਸ਼ਨ / ਸੰਬੰਧਿਤ ਵਿਭਾਗਾਂ ਦੇ ਸਹਿਯੋਗੀਆਂ ਰਾਹੀਂ, ਆਪਣੇ ਪੱਧਰ ਤੇ ਨੇੜਲੇ ਸ਼ਹਿਰਾਂ ਵਿਚ ਵੱਡੇ ਦੁਕਾਨਦਾਰਾਂ, ਸਟੋਰਾਂ, ਮਾਲਾਂ, ਆਪਣੇ ਸੇਲ ਪੁਆਇੰਟ ਆਦਿ ਬਣਾ ਕੇ ਉਹ ਵੀ ਬੇਝਿਜਕ ਹੋ ਕੇ ਅੱਗੇ ਆਉਣਾ ਪਵੇਗਾ।**

ਅੱਜ ਹਰ ਇਕ ਕਿਸਾਨ ਨਵੀਂ ਖੇਤੀ ਤਕਨੀਕ, ਦਵਾਈ ਜਾਂ ਨਵੇਂ ਬੀਜ ਲੈਣ ਵਿਚ ਜਿੰਨੀ ਉਤਸੁੱਕਤਾ ਦਿਖਾਉਂਦਾ ਹੈ, ਭਾਵੇਂ ਉਹ ਮਹਿੰਗੀ ਹੋਵੇ ਜਾਂ ਸਸਤੀ, ਪਰ ਉਹਨੀਂ ਸੋਝੀ ਬੀਜ ਤੋਂ ਲੈ ਕੇ ਸਪਰੇਅ ਖਾਦ, ਕੰਬਾਈਨ ਦੀ ਵਢਾਈ ਤੋਂ ਮੰਡੀ ਤੱਕ ਦਾਣਾ ਲੈ ਕੇ ਜਾਣ ਦਾ ਜੋ ਆਇਆ ਸਾਰਾ ਫਸਲ ਤੇ ਖਰਚ, ਉਸ ਖਰਚ ਨੂੰ ਕਾਪੀ ਤੇ ਲਿੱਖਣ ਵੱਲ ਨਹੀਂ ਤੁਰਦਾ। ਜੋ ਕਿ ਹਰੇਕ ਫਸਲ ਦੀ ਕਾਸ਼ਤ ਕਰਨ ਵਾਲੇ ਅਸਲ ਖੇਤੀ ਦੇ ਹੋਏ ਖਰਚ ਕੱਢ ਕੇ, ਜੋ ਬਾਕੀ ਬਚੇ ਪੈਸਿਆਂ ਨੂੰ ਉਸ ਦਾ ਅਸਲ ਝਾੜ ਵਜੋਂ ਜਾਣਨ ਸਮਝਣ ਦੀ ਅਹਿਮ ਲੋੜ ਹੈ, ਜਿਸ ਨਾਲ ਹੋਰ ਫਜ਼ੂਲ ਖੇਤੀ ਖਰਚੇ ਆਏ ਦਿਨਾਂ ਵਿਚ ਬਚਾਏ ਜਾ ਸਕਣ। ਤਜ਼ਰਬੇ ਦੇਖਦਿਆਂ ਕਈ ਸਮਝਦਾਰ ਭਰਾਵਾਂ ਵੱਲੋਂ ਹੌਸਲਾ ਕਰ ਕੇ ਅਗੇਤੀ ਬਿਜਾਈ ਨੂੰ ਖਾਦ ਦੀ ਕਿੱਲਤ ਦੇਖ ਕੇ ਨਾ ਕੀਤੀ। ਕਈ ਕਿਸਾਨ ਕਹਿੰਦੇ ਦੇਖੇ ਕਿ ਯੂਰੀਆ ਮੈਂ ਥੋੜ੍ਹਾ ਲਿਆਂਦਾ ਤਾਂ ਜੋ ਹੋਰ ਕਿਸਾਨਾਂ ਨੂੰ ਤੰਗੀ ਨਾ ਆਵੇ। ਮੈਂ ਦੂਜੀ ਕਿਸ਼ਤ ਪਾਉਣ ਸਮੇਂ ਹੀ ਖਾਦ ਹੋਰ ਲਿਆਵਾਂਗਾ। ਤਦ ਕਿੱਲਤ ਖਤਮ ਹੋ ਜਾਣੀ ਹੈ ਨਾਲੇ ਮੈਨੂੰ ਜਲਦ ‘ਚ ਵਧੇਰੇ ਪੈਸੇ ਧੋਣ ਤੇ ਗੋਡਾ ਰੱਖ ਕੇ ਲਗਾਉਣ ਦੀ ਲੋੜ ਨਹੀਂ, ਦੂਜੀ ਕਿਸ਼ਤ ਵੀ ਤੇ ਲੇਟ ਪੈਣੀਂ ਐ।

ਦੋਸਤੋਂ ਉੱਘੇ ਯੂਨਾਨੀ ਵਿਦਵਾਨ ਸੁਕਰਾਤ ਨੇ ਕਿਹਾ ਸੀ ਕਿ ਆਪਣੀ ਦੂਜੀ ਧਿਰ ਨੂੰ ਹੀ ਸਹੀ ਤਰੀਕੇ ਨਾਲ ਸਮਝ ਲੈਣਾ ਹੀ, ਬਹੁਤੇ ਹੱਲ ਕੱਢ ਲੈਣ ਦੇ ਬਰਾਬਰ ਹੈ। ਇਸ ਲਿਖਤ ਵਿਚ ਪਹਿਲੀ ਧਿਰ ਕਿਸਾਨ ਹੈ, ਜਿਸ ਨੇ ਦੂਜੀ ਧਿਰ ਫਸਲ ਦੇ ਸਾਰੇ ਇੰਨਪੁੱਟਸ ਨੂੰ ਅਗੇਤੇ ਜਾਂ ਪਿਛੇਤੇ ਸਹੀ ਸਮੇਂ ਤੇ ਸਹੀ ਮਾਤਰਾ ਵਿਚ ਤੇ ਸਹੀ ਮਿਕਦਾਰਾਂ ਦੀ ਲੋੜ ਮੁਤਾਬਿਕ ਵਰਤੋਂ ਘੱਟ ਖਰਚ ਨਾਲ ਕਰਨ ਦੀ ਹੀ ਹੈ। ਸਭ ਤੋਂ ਪਹਿਲਾਂ ਉਸ ਨੂੰ ਸੁਖਾਵਾਂ ਤੇ ਸੌਖਾਲੇ ਕਰਨ ਦੇ ਤਰੀਕੇ ਨੂੰ ਸੁਚੇਤ ਮਨ ਨਾਲ ਸਮਝ ਲੈਣਾ, ਹਰ ਪਾਸਿਓਂ ਖਰਚ ਘਟਾਉਣ ਤੇ ਵਧੇਰੇ ਉਤਪਾਦਨ ਦੇਣ ਦਾ ਫਾਰਮੂਲਾ ਬਣਦਾ ਹੈ।

ਇਹ ਦੇਖਣ ਸਮਝਣ ‘ਚ ਆ ਰਿਹਾ ਕਿ ਸਮਾਜ ‘ਚ ਅੱਜ ਕੱਲ੍ਹ ਆਪਸੀ ਭਾਈਚਾਰਕ ਸਾਂਝ ਨੂੰ ਖਤਮ ਕਰਕੇ ਇੱਕ ਦੂਜੇ ਤੋਂ ਚੁੱਖ ਚੁਪੀਤੇ ਵਧੇਰੇ ਪੈਸੇ ਲਗਾ ਕੇ, ਵਧੇਰੇ ਝਾੜ ਲੈਣ ਦੀ ਲਾਲਸਾ ਕਰਕੇ ਇਕ ਦੂਜੇ ਤੋਂ ਅੱਗੇ ਲੰਘ ਜਾਣ ਦੀ ਹੋੜ ਵੀ ਕੀਤੇ ਕਿਸਾਨ ਵਰਗ ‘ਚ ਨੁਕਸਾਨਦਾਇਕ ਸਾਬਤ ਹੋ ਰਹੀ ਹੈ। ਜਿਸ ਚੰਗੀ ਚੀਜ਼ ਨੂੰ ਕਿਸੇ ਨੇ ਵਰਤਿਆ ਹੋਵੇ ਪਰ ਉਸ ਬਾਰੇ ਹੋਰਨਾਂ ਨੂੰ ਨਾ ਦੱਸਣਾ। ਇਹ ਵੀ ਸਾਹਮਣੇ ਆ ਰਿਹਾ। ਕਈ ਥਾਂ ਦੇਖਿਆ ਜਾਂਦਾ ਹੈ ਕਿ ਇਕ ਕਿਸਾਨ ਦੂਜੇ ਕਿਸਾਨ ਨੂੰ ਗਲਤ ਗਾਈਡ ਕਰਕੇ ਉਸ ਨੂੰ ਗਲਤ ਕਿਸਮ ਤੇ ਨਜਾਇਜ਼ ਉਤਪਾਦਾਂ ਦੀ ਵਰਤੋਂ ਫਜ਼ੂਲ ਖਰਚੀ ਨਾਲ ਤੱਕ ਭਰੋਸੇ ਨਾਲ ਕਰਵਾ ਦਿੰਦੇ ਹਾਂ। ਦੂਜਾ ਉਸਦੀ ਆਪਣੀ ਫਸਲ ਕੇਵਲ ਚੰਗੇ ਵੱਤਰ ਤੱਕ ਲਗਾਉਣ ਤੇ ਘੱਟ ਤੇ ਸਹੀ ਸਮੇਂ ਦੇ ਪ੍ਰਬੰਧ ਕਰਕੇ ਚੰਗੀ ਫਸਲ ਦੇਖ ਕੇ ਦੂਜੇ ਪ੍ਰਭਾਵਿਤ ਕਿਸਾਨ ਨੂੰ ਹੋਰ ਉਤਪਾਦਾਂ ਨੂੰ ਜਾਣ ਬੁੱਝ ਕੇ ਪਾਉਣ ਤੱਕ ਬਾਰੇ ਮਾਖੌਲ ਨਾਲ ਉਸ ਦੀ ਸੁੱਝ ਬੁੱਧ ਨੂੰ ਕਾਹਲੀ ਵਿਚ ਨਾ ਸੋਚਦਿਆਂ ਵਿਚਾਰਦਿਆਂ ਤੱਕ ਸਮਝ ਕੇ ਖੇਤ ਨੂੰ ਫਜ਼ੂਲ ਖੇਤੀ ਸਮੱਗਰੀ ਪੁਆ ਦਿੰਦੇ ਹਾਂ। ਬੇਸ਼ੱਕ ਅੰਦਰੋਂ ਭਾਵੇਂ ਅਸੀਂ ਉਸ ਉੱਪਰ ਹੱਸਦੇ ਜ਼ਰੂਰ ਹਾਂ, ਅਸੀਂ ਅਗਿਆਨਤਾ ਦਾ ਸਬੂਤ ਕਿਸੇ ਦਾ ਨੁਕਸਾਨ ਕਰਵਾ ਕੇ ਦਿੰਦੇ। ਇਕ ਗੱਲ ਜ਼ਰੂਰ ਹੈ ਕਿ ਪਿੰਡ ਵਿਚ ਭਾਈ ਚਾਰਕ ਸਾਂਝ ਤਕਰੀਬਨ ਖਤਮ ਹੈ, ਹਾਂ ਕੁਝ ਸਮਝਦਾਰ ਜ਼ਰੂਰ ਇਕੱਠੇ ਹੋਣ। ਏਹੋ ਫਸਲ ਦਾ ਕੋਈ ਇਨਪੁਟ ਦੀ ਲੋੜ ਸਮੇਂ ਸੱਥ ਵਿਚ ਬੈਠੇ ਆਪਸੀ ਗੱਲਬਾਤ ਨਾਲ ਵਰਤਦੇ ਤਾਂ ਸ਼ਾਇਦ ਖੇਤੀ ਸੰਸਥਾਵਾਂ ਦੇ ਮਾਹਿਰਾਂ ਨੂੰ ਪਿੰਡਾਂ ਵਿਚ ਸੱਦਣ ਦੀ ਹਿਮਾਇਤ ਹੁੰਦੀ ਜਾਂ ਕੋਈ ਵਿਉਂਤਬੰਦੀ ਤਜ਼ਰਬੇ ਅਨੁਸਾਰ ਵਰਤੋਂ ਹੁੰਦੀ ਨਾ ਕਿ ਬੇਲੋੜੀ ਤਾਂ ਬਹੁਤੇ ਖਰਚ ਬੱਚ ਜਾਣੇ ਸਨ ਤੇ ਜਾਣਕਾਰੀ ਮੁਫਤ ਵਿਚ ਮਿਲ ਜਾਣੀ ਸੀ।

ਦੋਸਤੋਂ ਨੀਂਹ ਚੰਗੀ ਰੱਖਾਂਗੇ ਤਾਂ ਬਿਲਡਿੰਗ ਦੀ ਮਜ਼ਬੂਤੀ ਦੀ ਵਧੇਰੇ ਆਮ ਕਰ ਸਕਦੇ ਹਾਂ। ਆਏ ਸੀਜ਼ਨ ਤੇ ਕਿਸਾਨ ਨੂੰ ਨਵੇਂ ਬੀਜ ਤੇ ਨਵੀਂ ਕਿਸਮ



ਆਉਣ ਵੱਲ ਭਰਮਾਉਣ ਦਾ ਸਿਲਸਿਲਾ ਵੀ ਸ਼ੁਰੂ ਹੋ ਜਾਂਦਾ ਹੈ। ਬਹੁਤੇ ਕਿਸਾਨ ਦੂਰ ਦੁਰਾਡੇ ਤੋਂ ਜਿਥੋਂ ਕੀਤੇ ਵਾਕਫੀ ‘ਚ ਦੱਸ ਪੈਂਦੀ ਐ, ਉੱਥੋਂ ਹੀ ਕੁੱਝ ਤਾਂ ਸਮਾਜ ਵਿਚ ਆਪਣੀ ਵਡੀ ਪਹੁੰਚ ਤੇ ਵੱਡੀ ਸਮਝ ਦੂਜਿਆਂ ਨੂੰ ਦੂਜਿਆਂ ਵੱਧ ਚੜ੍ਹ ਕੇ ਨਜ਼ਰ ਆਉਂਦੇ ਹਨ। ਏਥੋਂ ਤੱਕ ਕਿ ਬਾਕੀਆਂ ਨਾਲੋਂ ਵਧੇਰੇ ਮਹਿੰਗਾ ਬੀਜ ਲਿਆਉਣ ਤੱਕ ਦੱਸਿਆ ਜਾਂਦਾ ਹੈ। ਪਹਿਲੀ ਗੱਲ ਤਾਂ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਸ਼ ਕੀਤੀ ਕਿਸਮ ਨੂੰ ਤਰਜੀਹ ਦੇਣ ਦੀ ਲੋੜ ਹੈ, ਦੂਜਾ ਤਿੰਨ ਸਾਲਾਂ ਵਾਸਤੇ ਆਪਣਾ ਬੀਜ ਕਿਸਾਨ ਆਪ ਚੰਗਾ ਦਾਣਾ ਰੱਖ ਕੇ ਤਿਆਰ ਕਰੇ ਤੇ ਖੇਤੀ ਖਰਚ ਘਟਾਵੇ। ਤੀਜਾ ਜੇਕਰ ਨਵੀਂ ਪ੍ਰਾਈਵੇਟ ਕਿਸਮ ਬੀਜਣ ਦੀ ਤਿਆਰ ਹੈ ਤਾਂ ਥੋੜ੍ਹੇ ਰਕਬੇ ਚ ਸ਼ੁਰੂਆਤ ਵਿਚ ਕਰੇ। ਬਾਅਦ ਵਿਚ ਸਮਾਜ ‘ਚ ਹਾਸੋਹੀਣੀ ਤੇ ਨੁਕਸਾਨ ਕਰਵਾਉਣ ਦਾ ਪਾਤਰ ਨਾ ਬਣੇਂ। ਜੇਕਰ ਪ੍ਰਾਈਵੇਟ ਬੀਜ ਚੰਗਾ ਨਿਕਲੇ ਤਾਂ ਅਗਲੀ ਵਾਰ ਰਕਬਾ ਵਧੇਰੇ ਕਾਸ਼ਤ ਥੱਲੇ ਲਿਆਵੇ। ਪਿੰਡ ‘ਚ ਸਭਨਾਂ ਨਾਲ ਵਿਚਾਰ ਵਟਾਂਦਰਾ ਕਰੇ ਤਾਂ ਜੋ ਹੋਰ ਨੁਕਸਾਨ ਵੱਲ ਵੀ ਮਾੜੇ ਨਿਕਲੇ ਕਿਸੇ ਫਸਲ ਦੇ ਬੀਜ ਕਰਕੇ ਹੋਰ ਲੋਕ ਉੱਧਰ ਨਾ ਜਾਵਣ।

ਅਗੇਤੀ ਕਾਹਲ ਬਾਰੇ ਸਮਝ ਦੀ ਗੱਲ ਕਰੀਏ ਤਾਂ ਕਣਕ ਦੀ ਫਸਲ ਠੰਡ ਰੁੱਤ ਦੀ ਫਸਲ ਹੈ। ਪੁਰਾਣੇ ਦੌਰ ਵਾਂਗ ਬਹੁਤੇ ਕਿਸਾਨ ਤੇ ਕੁਝ ਵੱਤਰ ਨੂੰ ਸੰਭਾਲਣ ਵਾਲੇ ਕਾਹਲੇ ਲੋਕ ਅੱਜ ਵੀ ਅਕਤੂਬਰ ਦੇ ਅੱਧ ਵਿਚ ਕਣਕ ਦੀ ਬਿਜਾਈ ਸ਼ੁਰੂ ਕਰ ਦਿੰਦੇ ਹਨ। ਏਥੇ ਸਮਝਣ ਦੀ ਲੋੜ ਹੈ ਕਿ ਅੱਜ ਦਾ ਮੌਸਮ ਪਹਿਲੇ ਮੌਸਮਾਂ ਵਾਂਗ ਪੱਛੀ ਅਕਤੂਬਰ ਨੂੰ ਧੁੰਦ ਨਾਲ ਨਹੀਂ ਚੱਲਦਾ, ਸਗੋਂ ਟੀ ਸ਼ਰਟ ਦੀ ਗਰਮੀ ਦੇ ਨਾਲ ਘਰਾਂ ਵਿਚ ਪੱਖੇ ਚਲਾ ਕੇ ਚੱਲਦਾ ਹੈ। ਕਣਕ ਦੀ ਚੰਗੀ ਪੈਦਾਵਾਰ ਲੈਣ ਲਈ ਵੀ ਕਿਸਾਨ ਨੂੰ ਪੰਜ ਛੇ ਨਵੰਬਰ ਤੋਂ ਕਣਕ ਦੀ ਬਿਜਾਈ ਸ਼ੁਰੂ ਕਰਨ ਦੀ ਲੋੜ ਹੈ ਤਾਂ ਜੋ ਫਸਲ ਨੂੰ ਸਹੀ ਮੌਸਮ ਨਾਲ ਚੰਗੇ ਝਾੜ ਲਈ ਰਲਾਇਆ ਜਾ ਸਕੇ। ਝੋਨੇ ਦੀ ਫਸਲ ‘ਚ ਵੀ ਪਰਮ ਅਗੇਤ ਕਰਨੀ ਵਧੇਰੇ ਪਾਣੀ ਦਾ ਖੌਅ ਤਾਂ ਬਣਦਾ ਹੀ ਐ, ਨਾਲ ਵਧੇਰੇ ਸੇਕ ਵਿਚ ਖੇਤੀ ਦਵਾਈਆਂ ਪੈਣ ਨਾਲ ਫਸਲ ਦੇ ਸਾੜ ਕਈਆਂ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਪ੍ਰਾਈਵੇਟ ਬੀਜਾਂ ਦੀ ਚੋਣ ਵਧੇਰੇ ਰਲਵੇਂ ਤੇ ਇਕਸਾਰ ਨਾ ਪੱਕਣ ਤੱਕ ਦੇ ਨਤੀਜੇ ਸਾਹਮਣੇ ਆਉਂਦੇ ਰਹੇ ਜਿਸ ਦਾ ਸਮਾਂ ਸਾਰਣੀ ਤੱਕ ਪਤਾ ਨਹੀਂ ਸੀ।

ਏਥੇ ਵੀ ਸਮਝ ਦੀ ਲੋੜ ਸੀ ਕਿ ਕਣਕ ਦੀ ਬਿਜਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਡੀ ਏ ਪੀ ਨਾ ਆਉਣ ਜਾਂ ਘੱਟ ਆਉਣ ਦਾ ਖਲਾਅ ਜ਼ਰੂਰ ਕਿਸਾਨ ਅੰਦਰ ਬਣ ਗਿਆ ਸੀ, ਪਰ ਕੁਝ ਕਿਸਾਨ ਭਰਾਵਾਂ ਨੂੰ ਜੇ. ਐਂਡ ਕੇ. ਸਟੇਟ ਵੱਲ ਜਾਂਦਿਆਂ ਜਾਂ ਕੋਆਪਰੇਟਿਵ ਸੁਸਾਇਟੀ ਵਿਚ ਬੇਲੋੜੀ ਵਸਤੂਆਂ ਨਾ ਚਾਹੁੰਦਿਆਂ ਹੋਇਆਂ ਵੀ ਖਰੀਦ ਲੈਂਦੇ ਖਰੀਦਦੇ ਵੇਖਿਆ। ਹਾਲਾਂਕਿ ਇਸ ਬਾਰੇ ਕੋਆਪਰੇਟਿਵ ਸਕੱਤਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਖੁਦ ਮੰਨਿਆ ਕਿ ਅਸੀਂ ਕੀ ਕਰੀਏ ਕਿ ਸਾਨੂੰ ਵੀ ਧੱਕੇ ਨਾਲ ਉੱਪਰ ਸਮਾਨ ਚੁਕਾ ਰਹੇ ਹਨ, ਨਹੀਂ ਤਾਂ ਉਹ ਕਹਿੰਦੇ ਕਿ ਅਸੀਂ ਡੀ ਏ ਪੀ ਹੀ ਨਹੀਂ। ਮੋਟਾ ਜਿਹਾ ਕਹਿ ਲਵੋ ਕਿ ਸਕੱਤਰ ਵੇਚਣਾ ਨਹੀਂ ਚਾਹੁੰਦਾ ਸੀ ਤੇ ਕਿਸਾਨ ਫਜ਼ੂਲ ਖਰਚੀ ਤੋਂ ਬੱਚਦਾ ਲੈਣਾ ਨਹੀਂ ਚਾਹੁੰਦਾ ਸੀ। ਅਖੀਰ ਫਸਿਆ ਅੱਕ ਚੱਬਣਾ ਪਿਆ। ਏਹੀ ਜੇਕਰ ਫਾਸਫੋਰਸ ਦੀ ਪੂਰਤੀ ਦੀ ਗੱਲ ਕਿਸਾਨਾਂ ਨਾਲ ਕਰੀਏ ਤਾਂ ਸ਼ਾਇਦ ਖੇਤੀ ਸੰਸਥਾਵਾਂ ਨਾਲ ਨਾ ਰਾਬਤਾ ਹੋਣਾ ਜਾਂ ਕੁੱਝ ਖੇਤੀ ਵਿਕਰੇਤਾਵਾਂ ਨੇ ਵੀ ਕਿਹਾ ਕਿ ਕੁੱਝ ਕਿਸਾਨਾਂ ਨੂੰ ਡੀ ਏ ਪੀ ਹੀ ਨਹੀਂ ਦੇਣੀ। ਮੋਟਾ ਜਿਹਾ ਕਹਿ ਲਵੋ ਕਿ ਸਕੱਤਰ ਵੇਚਣਾ ਨਹੀਂ ਚਾਹੁੰਦਾ ਸੀ ਤੇ ਕਿਸਾਨ ਫਜ਼ੂਲ ਖਰਚੀ ਤੋਂ ਬੱਚਦਾ ਲੈਣਾ ਨਹੀਂ ਚਾਹੁੰਦੀ ਸੀ। ਅਖੀਰ ਫਸੀਆ ਅੱਕ ਚੱਬਣਾ ਪਿਆ। ਏਹੀ ਜੇਕਰ ਫਾਸਫੋਰਸ ਦੀ ਪੂਰਤੀ ਦੀ ਗੱਲ ਕਿਸਾਨਾਂ ਨਾਲ ਕਰੀਏ ਤਾਂ ਸ਼ਾਇਦ ਖੇਤੀ ਸੰਸਥਾਵਾਂ ਨਾਲ ਨਾ ਰਾਬਤਾ ਹੋਣਾ ਜਾਂ ਕੁੱਝ ਖੇਤੀ ਵਿਕਰੇਤਾਵਾਂ ਨੇ ਵੀ ਕਿਹਾ ਕਿ ਕੁੱਝ ਕਿਸਾਨਾਂ ਨੂੰ ਡੀ ਏ ਪੀ ਦੀ ਜਗ੍ਹਾ ਅਸੀਂ ਐਨ ਪੀ ਕੇ ਦਾ ਬੋਰਾ ਪਾਉਣ ਨੂੰ ਕਿਹਾ ਤਾਂ ਕੁੱਝ ਕਿਸਾਨ ਲੇਟ ਹੁੰਦੀ ਬਿਜਾਈ ਦੇਖ ਸਾਡੀ ਮੰਨ ਲਈ ਤੇ ਉਹਨਾਂ ਪਾ ਲਿਆ। ਪਰ ਕੁੱਝ ਕਿਸਾਨ ਨਾ ਪਾਉਣ ਨੂੰ ਅੜੇ ਰਹੇ ਤੇ ਇੰਤਜ਼ਾਰ ਤੱਕ ਕਰਨ ਨੂੰ ਕਹਿੰਦੇ ਰਹੇ, ਪਰ ਉਸੇ ਨੂੰ ਹੀ ਆਉਣ ਤੇ ਪਾਉਣ ਤੇ ਅੜੇ ਰਹੇ ਜਾਂ ਕੁੱਝ ਕਿਸਾਨ ਡੀ ਏ ਪੀ ਦੀ ਜਗ੍ਹਾ ਕੋਈ ਚੀਜ਼ ਪਾਉਣ ਬਾਰੇ ਸੁਣਨਾ ਹੀ ਪਸੰਦ ਨਹੀਂ ਕਰਦੇ ਸਨ, ਲੈਣਾ ਵਰਤਣਾ ਤਾਂ ਦੂਰ ਦੀ ਗੱਲ ਹੈ। ਏਥੋਂ ਤੱਕ ਕਿ ਤਿੰਨ ਬੋਰੇ ਸੁਪਰ ਪਾਉਣੇ ਜਾਂ ਸਮਝਣਾ ਘੱਟ ਸੀ। ਸਮਾਂ ਲੰਘਾਉਣ ਤੇ ਫਜ਼ੂਲ ਖਰਚੇ ਦੇ ਸਬੱਬ ਬਣੇ।

ਨਦੀਨਾਂ ਦੀ ਰੋਕਥਾਮ ਬਾਰੇ ਗੱਲ ਕਰੀਏ ਤਾਂ ਬਹੁਤ ਸਾਰੇ ਕਿਸਾਨ ਭਰਾਵਾਂ ਦੇ ਉਧਾਰ ਪੁਰਾਣੇ ਸੰਪਰਕ ਵਾਲੇ ਡੀਲਰਾਂ ਤੋਂ ਲੱਗੇ ਹੋਏ ਹੁੰਦੇ ਹਨ। ਉਹੀ ਡੀਲਰ ਉਹੀਂ ਕੰਪਨੀ ਜਿਸ ਤੋਂ ਲਗਾਤਾਰ ਇਕ ਹੀ ਕੰਪਨੀ ਦੀ ਦਵਾਈ ਮੰਗਵਾਉਂਦਾ ਹੈ ਤੇ ਸੀਜ਼ਨ ਦਰ ਸੀਜ਼ਨ ਕਿਸਾਨ ਨੂੰ ਡੋਜ਼ ਤੱਕ ਵਧਾ ਕੇ ਪਾਉਣ ਲਈ ਕਹਿੰਦਾ ਰਹਿੰਦਾ ਹੈ ਜਿਸ ਦਾ ਅਸਰ ਬਾਰ ਬਾਰ ਵਰਤੋਂ ਨਾਲ ਘੱਟ ਜਾਂਦਾ ਹੈ। ਹੁਣ ਸਮਝ ਅਨੁਸਾਰ ਦੇਖੀਏ ਕਿ ਹਾਲਾਤ ਨਦੀਨਾਂ ਨੂੰ ਮਾਰਨ ਦੇ ਵੱਧ ਖਰਚ ਨਾਲ ਹੋਰ ਹੀ ਪਾਸੇ ਦੋ ਤੋਂ ਤਿੰਨ ਸਪਰੇਆਂ ਤੇ ਅੱਡ ਛੱਟੇ ਵੱਲ ਜਾਂਦੇ ਦਿਸ ਰਹੇ ਹਨ। ਉੱਥੇ ਪਹਿਲਾਂ ਮੈਟਰੀ ਜਾਂ ਕੋਈ ਹੋਰ ਦਵਾਈ ਪਹਿਲਾਂ ਯੂਰੀਆ ਖਾਦ ਨਾਲ ਛੱਟਾ ਦੇਣ ਦੀ ਪ੍ਰਥਾ ਬਣ ਗਈ ਹੈ। ਜਦਕਿ ਪੱਚੀ ਤੀਹ ਦਿਨਾਂ ਚਾਰ ਪੱਤਿਆਂ ਤੇ ਬਾਅਦ ਫੇਰ ਨਦੀਨਨਾਸ਼ਕ ਦਵਾਈਆਂ ਦੀ ਸਪਰੇਅ ਉਹ ਸੌ ਫੀਸਦੀ ਸਭ ਨੇ ਅਲੱਗ ਤੋਂ ਕਰਨੀ ਹੀ ਕਰਨੀ ਹੈ। ਬਹੁਤੇ ਤਾਂ ਖਾਦ ਨਾਲ ਪਹਿਲਾਂ ਛੋਟਾ ਪੈਕਟ ਭਾਈਆਂ ਦਾ ਪਾਉਂਦੇ ਦਿਸਦੇ ਸਨ ਅੱਜ ਉਹ ਅੱਧਾ ਕਿਲੋ ਤੇ ਉਸ ਤੋਂ ਵੀ ਵਧੇਰੇ ਮਾਤਰਾ ਵਰਤੋਂ ਕਰਦੇ ਦਿੱਸੇ। ਏਥੇ ਸਮਝਣ ਦੀ ਗੱਲ ਹੈ ਕਿ ਜੇਕਰ ਬਹੁਤ ਜ਼ਿਆਦਾ ਨਦੀਨ ਕਣਕ ਦੀ ਫਸਲ ਚ ਹੁੰਦਾ ਹੈ ਤਾਂ ਬਿਜਾਈ ਤੋਂ ਬਾਅਦ ਚੌਵੀਂ ਤੋਂ ਅੜਤਾਲੀ ਘੰਟੇ ਵਾਲੀ ਨਦੀਨ ਉੱਗਣ ਤੋਂ ਪਹਿਲਾਂ ਵਾਲੀ ਦਵਾਈ ਲੀਟਰ ਪੈਂਡੀਮੈਥਲੀਨ ਸਪਰੇਅ ਕਰਕੇ ਕਾਫੀ ਹੱਦ ਤੱਕ ਕੰਟਰੋਲ ਕਰ ਸਕਦੇ ਹਾਂ। ਕਿਸਾਨ ਵਰਗ ਨੂੰ ਲੋੜ ਹੈ ਖੇਤੀ ਸੰਸਥਾਵਾਂ, ਖੇਤੀ ਦੁਕਾਨਾਂ, ਏਰੀਏ ਦੇ ਅਗਾਂਹਵਧੂ ਕਿਸਾਨਾਂ ਨਾਲ ਸਲਾਹ ਮਸ਼ਵਰਾ ਜ਼ਰੂਰ ਕਰਨ, ਫੇਰ ਕਿਸੇ ਨਤੀਜੇ ਤੇ ਆਉਣ, ਨਾ ਕਿ ਦੇਖਾ ਦੇਖੀ ਬੇਸਮਝੀ ਨਾਲ ਵਧੇਰੇ ਖਰਚ ਕਰਨ ਵੱਲ ਟੁਰਿਆ ਰਹੇ।

ਪਾਣੀ ਲਗਾਉਣ ਦੀ ਸਮਝ ਬਾਰੇ ਗੱਲ ਕਰੀਏ ਤਾਂ ਬਹੁਤੇ ਕਿਸਾਨ ਵੀਰ ਜੋ ਮਿੱਟੀ ਨੂੰ ਅੱਗ ਲਗਾ ਕੇ ਸਾੜਦੇ ਮਤਲਬ ਪਰਾਲੀ ਨੂੰ ਅੱਗ ਲਗਾਉਂਦੇ ਸਨ। ਉਹਨਾਂ ਦੇ ਖੇਤਾਂ ਵਿਚ ਰੱਕੜਪੁਣੇ ਮਿੱਟੀ ਦਾ ਸਖਤ ਹੋਣ ਕਰਕੇ ਕਣਕ ਦੀ ਫਸਲ ਨੂੰ ਲਗਾਇਆ ਪਹਿਲਾ ਭਾਰਾ ਪਾਣੀ ਮਿੱਟੀ ਵਿਚ ਹਵਾ ਦੀ ਨਿਕਾਸੀ ਕਰਨ ਵਾਲੇ ਗੰਡੋਏ ਨਾ ਹੋਣ ਕਰਕੇ ਫਸਲ ਨੂੰ ਪੀਲੇਪਨ ਦਾ ਸ਼ਿਕਾਰ ਤੱਕ ਹੋਣਾ ਪਿਆ। ਜਿਸ ਤੇ ਜ਼ਿੰਮੀਂਦਾਰ ਅਣਜਾਣੇ ਵਿਚ ਪੀਲਾਪਨ ਯੂਰੀਆ ਦੀ ਘਾਟ ਸਮਝ ਕੇ ਬੇਲੋੜਾ ਛੱਟਾ ਹੋਰ ਮਾਰਦਾ ਵੀ ਦੇਖਿਆ ਗਿਆ। ਜਦਕਿ ਏਥੇ ਇਹ ਵੀ ਸਮਝਣ ਦੀ ਲੋੜ ਸੀ ਕਿ ਜਦੋਂ ਨਵੰਬਰ ਦੀ ਬਿਜਾਈ ਵਾਲੀ ਫਸਲ ਨੂੰ ਤੀਹ ਦਿਨਾਂ ਤੇ ਪਾਣੀ ਲਗਾਉਣੇ ਤਾਂ ਪੱਚੀ ਦਿਸੰਬਰ ਤੋਂ ਲੈ ਕੇ ਲੋਹੜੀ ਤੱਕ ਸੂਰਜ ਨਹੀਂ ਚੜ੍ਹਦਾ। ਭਾਰਾਂ ਪਾਣੀ ਤੇ ਘੱਟ ਹੋਣਾ ਪ੍ਰਕਾਸ਼ ਸੰਸਲੇਸ਼ਣ ਕਿਰਿਆ ਦਾ ਬੂਟੇ ਵਿਚ ਬੰਦ ਹੋ ਜਾਣਾ ਵੀ ਪੀਲੇਪਨ

ਬਾਕੀ ਸਫਾ 12 ’ਤੇ



### ਸਰਦ ਰੁੱਤ ਵਿੱਚ

# ਦੁਧਾਰੂ ਪਸ਼ੂਆਂ ਦਾ ਸੁਚੱਜੀ ਸਿਹਤ ਪ੍ਰਬੰਧ

ਮੁਨੀਸ਼ ਕੁਮਾਰ ਅਤੇ ਗੁਰਮੇਲ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ (ਮੋ. 94637-21182)

**ਸਰਦ ਰੁੱਤ ਵਿਚ ਪਸ਼ੂਆਂ ਲਈ ਪ੍ਰਬੰਧਾਂ ਦੀਆਂ ਕੁਝ ਬੁਨਿਆਦੀ ਲੋੜਾਂ ਹੇਠ ਲਿਖੀਆਂ ਗਈਆਂ ਹਨ ਜੋ ਪਸ਼ੂ ਪਾਲਕਾਂ ਲਈ ਫਾਇਦੇਮੰਦ ਤੋਂ ਸਕਦੀਆਂ ਹਨ :**

★ ਪਸ਼ੂਆਂ ਦੀ ਸਰਦੀ ਤੋਂ ਬਚਾ ਕੇ ਰੱਖਣ ਲਈ ਸਰਦੀ ਦੇ ਮੌਸਮ ਵਿਚ ਪਸ਼ੂਆਂ ਦੇ ਢਾਰੇ ਅੰਦਰ ਆਉਣ ਵਾਲੀਆਂ ਠੰਢੀਆਂ ਹਵਾਵਾਂ ਨੂੰ ਪੱਲੀ ਆਦਿ ਲਗਾ ਕੇ ਰੋਕੋ । ਸਰਦ ਮੌਸਮ ਵਿਚ ਆਲੇ ਦੁਆਲੇ ਦਾ ਤਾਪਮਾਨ ਖਾਸ ਕਰਕੇ ਰਾਤ ਵੇਲੇ, ਬਹੁਤ ਘੱਟ ਜਾਂਦਾ ਹੈ ਇਸ ਲਈ, ਪਸ਼ੂਆਂ ਨੂੰ ਰਾਤ ਵੇਲੇ ਅੰਦਰ ਕਰ ਦੇਣਾ ਚਾਹੀਦਾ ਹੈ ਅਤੇ ਦਿਨ ਵੇਲੇ ਧੁੱਪੇ ਕਰ ਦੇਣਾ ਚਾਹੀਦਾ ਹੈ । ਇਸ ਨਾਲ ਉਹਨਾਂ ਦਾ ਸਰੀਰਕ ਤਾਪਮਾਨ ਠੀਕ ਰਹਿੰਦਾ ਹੈ ।

★ ਧੁੱਪ ਲਈ ਪਸ਼ੂਆਂ ਦੇ ਢਾਰੇ ਆਲੇ ਦੁਆਲੇ ਦਰਖਤਾਂ ਨੂੰ ਛਾਂਗਣ ਦਾ ਪ੍ਰਬੰਧ ਕਰੋ ਤਾਂ ਕਿ ਧੁੱਪ ਪਸ਼ੂਆਂ ਦੀ



ਜਗ੍ਹਾ ਵਿਚ ਆ ਸਕੇ, ਥਾਂ ਸੁੱਕੀ ਰਹੇ ਅਤੇ ਪਸ਼ੂ ਰੋਗ ਮੁਕਤ ਰਹਿਣ ।

★ ਪਸ਼ੂਆਂ ਨੂੰ ਰੱਖਣ ਵਾਲੀ ਜਗ੍ਹਾ ਭਾਵੇਂ ਉਹ ਢਾਰੇ ਹੋਣ ਜਾਂ ਸ਼ੈਡ, ਸੁੱਕੀ ਤੇ ਆਰਾਮਦਾਇਕ ਹੋਣੀ ਚਾਹੀਦੀ ਹੈ । ਉੱਥੇ ਪਾਣੀ ਦੀ ਨਿਕਾਸੀ ਦਾ ਪ੍ਰਬੰਧ ਸਹੀ ਹੋਣਾ ਚਾਹੀਦਾ ਹੈ । ਜ਼ਿਆਦਾ ਗਿੱਲਾ ਵਾਤਾਵਰਣ ਪਸ਼ੂਆਂ ਲਈ ਬਿਮਾਰੀ ਵਾਲੇ ਕੀਟਾਣੂਆਂ ਨੂੰ ਸੱਦਾ ਦੇ ਸਕਦਾ ਹੈ ।

★ ਤਾਜੇ ਸੂਏ ਪਸ਼ੂ ਨੂੰ ਅਤੇ ਨਵੇਂ ਜਨਮੇਂ ਕੱਟੜੂ / ਵੱਛੜੂ ਨੂੰ ਖਾਸ ਕਰਕੇ ਜ਼ਿਆਦਾ ਠੰਡ ਤੋਂ ਬਚਾਓ ਕਿਉਂਕਿ ਇਹਨਾਂ ਦਾ ਠੰਡੇ ਮੌਸਮ ਵਿਚ ਹਾਈਪੋਥਰਮੀਆ ਭਾਵ ਸਰੀਰ ਦਾ ਤਾਪਮਾਨ ਘਟਣ ਕਰਕੇ ਬਿਮਾਰ ਹੋਣ ਦਾ ਖਦਸ਼ਾ ਵੱਧ ਹੁੰਦਾਹੈ ।

★ ਡੇਅਰੀ ਦੇ ਕਿੱਤੇ ਵਿਚ ਹੋਣ ਵਾਲੇ ਕੁੱਲ ਖਰਚ ਦਾ ਲਗਭਗ 65-70 ਪ੍ਰਤੀਸ਼ਤ ਖਰਚਾ ਖੁਰਾਕ ਤੇ ਆਉਂਦਾ ਹੈ, ਇਸ ਲਈ ਇਹ ਜ਼ਰੂਰੀ ਹੈ ਕਿ ਪਸ਼ੂ ਖੁਰਾਕ ਨਾ ਸਿਰਫ ਸੰਤੁਲਿਤ ਹੋਵੇ ਬਲਕਿ ਸਸਤੀ ਵੀ ਹੋਵੇ ।

★ ਠੰਡ ਦੇ ਮੌਸਮ ਵਿਚ ਪਾਏ ਜਾਣ ਵਾਲੇ ਬਰਸੀਮ/ਲੂਸਣ ਵਰਗੇ ਚਾਰਿਆਂ ਵਿਚ ਹਵਾ ਅਤੇ ਨਮੀਂ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਇਸ ਲਈ ਇਹਨਾਂ ਨਾਲ ਹਮੇਸ਼ਾ ਸੁੱਕਾ ਚਾਰਾ/ਤੂੜੀ ਰਲਾ ਕੇ ਖੁਆਓ । ਇਸ ਨਾਲ ਸੁੱਕਾ ਚਾਰਾ ਮਿਲਾ ਕੇ ਖੁਆਉਣ ਨਾਲ ਮੋਕ ਜਾਂ ਆਫਰੇ ਦੀ ਸਮੱਸਿਆ ਘੱਟ ਆਉਂਦੀ ਹੈ ।

★ ਬਰਸੀਮ ਜਾਂ ਲੂਸਣ ਵਰਗੇ ਚਾਰੇ ਫਲੀਦਾਰ ਚਾਰੇ ਹੁੰਦੇ ਹਨ ਅਤੇ ਇਹਨਾਂ ਵਿਚ ਪ੍ਰੋਟੀਨ ਦੀ ਮਾਤਰਾ ਵੱਧ ਹੁੰਦੀ ਹੈ । ਇਸ ਲਈ ਜਦੋਂ ਸਾਡੇ ਕੋਲ ਇਹ ਚਾਰੇ ਖੁੱਲੀ ਮਾਤਰਾ ਵਿਚ ਹੋਣ ਤਾਂ ਖਲਾਂ ਦਾ ਖਰਚਾ ਕੁਝ ਹੱਦ ਤੱਕ ਘਟਾਉਣਾ ਚਾਹੀਦਾ ਹੈ ।

★ ਪਸ਼ੂਆਂ ਦੀ ਖੁਰਾਕ ਵਿਚ ਵੰਡ (ਦਾਣੇ) ਦੀ ਕੁਆਲਟੀ ਵਧੀਆ ਹੋਣੀ ਚਾਹੀਦੀ ਹੈ । ਇਹ ਉੱਲੀ ਰਹਿਤ ਹੋਣਾ ਚਾਹੀਦਾ ਹੈ । ਇਸਨੂੰ ਨਮੀਂ ਅਤੇ ਸਿੱਲ੍ਹ ਤੋਂ ਬਚਾਅ ਕੇ ਰੱਖਣਾ ਚਾਹੀਦਾ ਹੈ । ਉੱਲੀ ਵਾਲੀ ਫੀਡ ਜਾਂ ਵੰਡ ਵਿਚ ਅਫਲਾਟੋਕਸਿਨ ਪਸ਼ੂਆਂ ਦੀ ਸਿਹਤ ਤੇ ਮਾੜਾ ਅਸਰ ਪਾਉਂਦੇ ਹਨ ।

★ ਪਸ਼ੂਆਂ ਨੂੰ ਸਿਹਤ ਨੂੰ ਠੀਕ ਰੱਖਣ, ਪ੍ਰਜਨਣ ਕਿਰਿਆਵਾਂ ਠੀਕ ਰੱਖਣ ਅਤੇ ਘਾਟਾਂ ਤੋਂ ਬਚਾਉਣ ਲਈ ਲਗਭਗ 50-60 ਗ੍ਰਾਮ ਧਾਤਾਂ ਦਾ ਚੂਰਾ (ਮਿਨਰਲ ਮਿਕਚਰ) ਰੋਜ਼ਾਨਾ ਦੇਣਾ ਚਾਹੀਦਾ ਹੈ ।

★ ਪੀਣ ਵਾਲਾ ਪਾਣੀ ਸਾਫ ਹੋਣ ਦੇ ਨਾਲ-ਨਾਲ ਤਾਜ਼ਾ ਹੋਣਾ ਜ਼ਰੂਰੀ ਹੈ । ਰਾਤ ਦਾ ਠੰਡਾ ਪਾਣੀ ਦੇਣ ਵਾਲਾ ਪਸ਼ੂਆਂ ਦੀ ਸਿਹਤ ਵਿਗੜ ਸਕਦੀ ਹੈ ।

★ ਪਸ਼ੂਆਂ ਥੱਲੇ ਸੁੱਕ ਦੇ ਤੌਰ ਤੇ ਪਰਾਲੀ ਦਾ ਇਸਤੇਮਾਲ ਕਰਨਾ ਚਾਹੀਦਾ ਹੈ ਜੋ ਕਿ ਪਸ਼ੂਆਂ ਨੂੰ ਸਿੱਲ੍ਹ ਤੋਂ ਬਚਾਅ ਕੇ ਰੱਖਦੀ ਹੈ ਅਤੇ ਲੇਮਨੈਸ ਜਾਂ ਖੁਰਾਂ ਦੀ ਇੰਨਫੈਕਸ਼ਨ ਘੱਟ ਹੁੰਦੀ ਹੈ ।

★ ਨਿਯਮਿਤ ਤੌਰ ਤੇ (ਹਰ 3-4 ਮਹੀਨੇ ਦੇ ਅੰਤਰਾਲ ਤੇ) ਪਸ਼ੂਆਂ ਨੂੰ ਕਿਰਮਰਹਿਤ (Deworming) ਕਰੋ । ਇਸ ਨਾਲ ਪਸ਼ੂਆਂ ਦੀ ਰੋਗਾਂ ਤੋਂ ਬਚਣ ਦੀ ਸ਼ਕਤੀ ਵਧਦੀ ਹੈ ਅਤੇ ਸਿਹਤ ਵਧੀਆ ਰਹਿੰਦੀ ਹੈ ।

★ ਮੂੰਹ ਖੁਰ ਦੀ ਬਿਮਾਰੀ, ਪਸ਼ੂਆਂ ਦੀ ਇਹੋ ਜਿਹੀ ਬਿਮਾਰੀ ਹੈ ਜੋ ਕਿ ਆਮ ਤੌਰ ਤੇ ਸਰਦੀ ਦੀ ਰੁੱਤ ਵਿਚ ਜ਼ਿਆਦਾ ਆਉਂਦੀ ਹੈ ਇਸ ਲਈ ਪਹਿਲਾਂ ਹੀ ਆਪਣੇ ਪਸ਼ੂਆਂ ਨੂੰ ਮੂੰਹ ਖੁਰ ਦੀ ਬਿਮਾਰੀ ਤੋਂ ਬਚਾਅ ਦੇ ਟੀਕੇ ਲਗਵਾ ਲੈਣੇ ਚਾਹੀਦੇ ਹਨ ।

★ ਆਪਣੇ ਫਾਰਮ ਜਾਂ ਪਸ਼ੂ ਵੱਗ ਵਿਚ ਆਉਣ ਵਾਲੇ ਗੇਟ ਤੇ ਕਲੀ ਵਰਗੇ ਰੋਗਾਣੂ ਨਾਸ਼ਕ ਪਾ ਕੇ ਰੱਖਣ ਨਾਲ ਛੂਤ ਦੀਆਂ ਬਿਮਾਰੀਆਂ ਫੈਲਣ ਤੋਂ ਰੋਕੀਆਂ ਜਾ ਸਕਦੀਆਂ ਹਨ ।

---------- ਬਾਕੀ ਸਫਾ 12 'ਤੇ ----------

# ਖੇਤੀਬਾੜੀ ਖੇਤਰ 'ਚ ਜ਼ਮੀਨੀ ਪੱਧਰ ਤੇ ਖੇਤੀ ਕਰਨੀ ਔਖੀ ਜਾਂ ਸਮਝਣੀ ਔਖੀ?

ਦੀ ਨਿਸ਼ਾਨੀ ਬਣਦਾ ਹੈ, ਹਲਕੇ ਪਾਣੀ ਲੱਗੇ ਹੋਣ ਤੇ ਅਜਿਹਾ ਵੇਖਣ ਨੂੰ ਘੱਟ ਆਉਂਦਾ । ਝੋਨੇ ਵਿਚ ਵੀ ਅਗਿਆਨਤਾ ਵੱਸ ਕਲਮ ਜਾਂ ਲਾਭ ਤੋਰਨ ਲਈ ਕੇਵਲ ਪਹਿਲੇ ਪੰਦਰਾਂ ਦਿਨ ਪਾਣੀ ਖੜ੍ਹਾ ਕਰਨਾ ਹੁੰਦਾ ਹੈ ਪਰ ਅਸੀਂ ਅਖੀਰ ਤੱਕ ਪਾਣੀ ਖੜ੍ਹਾ ਰੱਖ ਕੇ ਬੂਟੇ ਦੀ ਜੜ੍ਹਾਂ ਨੂੰ ਹਵਾ ਦੀ ਨਿਕਾਸੀ ਨਾ ਕਰਵਾ ਕੇ ਫਸਲ ਵਾਧੇ ਦਾ ਨੁਕਸਾਨ ਕਰਨ ਦੇ ਨਾਲ ਗਾਲੇ ਉੱਲ੍ਹੀਆਂ, ਕੀ ਕੁੱਝ ਜਾਣ ਬੁੱਝ ਗਰਮੀ ਵਿੱਚ ਉੱਬਲੇ ਪਾਣੀ ਨਾਲ ਕਰ ਲੈਂਦੇ ਹਾਂ ।

ਪਿਛਲੇ ਦਿਨਾਂ ਮੰਡੀਆਂ 'ਚ ਜਿਨਸ ਰੁਲਣ ਦਾ ਦੁੱਖਦਾਈ ਦੌਰ ਦੇਖਿਆ । ਜਿਸ ਕਰਕੇ ਕਿਸਾਨ ਯੂਨੀਅਨਾਂ ਵੱਲੋਂ ਜ਼ਰੂਰ ਭਰਵਾਂ ਰੋਸ ਪੰਜਾਬ ਪੱਧਰੀ ਕੀਤਾ ਗਿਆ । ਏਥੇ ਆਪਣੇ ਪੱਧਰ ਤੇ ਵੀ ਛੋਟੇ ਹੱਲ ਤਰਾਸ਼ਣੇ ਵੀ ਬੇਹੱਦ ਜ਼ਰੂਰੀ ਹਨ, ਜਿਵੇਂ ਝੋਨੇ ਨੂੰ ਥੋੜੇ ਰਕਬੇ 'ਚ ਲਗਾ ਕੇ ਏਸ ਦੀ ਥਾਂ ਬਦਲਵੀਂ ਫਸਲ ਨੂੰ ਵੀ ਥੋੜੇ ਰਕਬੇ ਹੇਠ ਵਧਾਉਣ ਨੂੰ ਤਰਜੀਹ ਦੇਣੀ, ਦੂਜਾ ਝੋਨੇ ਦੀ ਥਾਂ ਜੀਵਾਂ ਦੀ ਕਾਸ਼ਤ ਮਤਲਬ ਸਹਾਇਕ ਧੰਦਿਆਂ ਜਾਨਵਰ/ਪੰਛੀ ਨੂੰ ਥੋੜ੍ਹੇ ਰਕਬੇ ਵਿਚ ਵਧਾਉਣਾ, ਉਹਨਾਂ ਫਸਲਾਂ ਵੱਲ ਵੀ ਥੋੜੇ ਰਕਬੇ ਤੋਂ ਸ਼ੁਰੂਆਤ ਕਰਨੀ ਜਿਵੇਂ ਅਗਾਂਹ ਆਪਣੇ ਪੱਧਰ ਤੇ ਉਸਨੂੰ ਹੋਰ ਉਤਪਾਦਾਂ ਵਿਚ ਲਿਆਂਦਾ ਜਾ ਸਕੇ ਜਿਵੇਂ ਪ੍ਰੋਸੈਸਿੰਗ ਰੂਪ ਵਿਚ ਹਲਦੀ ਪਾਊਡਰ, ਸ਼ੱਕਰ, ਮਸਾਲੇਦਾਰ, ਅਗੇਤੀਆਂ ਸਬਜ਼ੀਆਂ, ਜਾਂ ਖੇਤੀ ਵਿਭਿੰਨਤਾ ਵੱਲ ਆਦਿ ਜਿਸਦਾ ਛੋਟੇ ਪੱਧਰ ਤੇ ਮੰਡੀਕਰਨ ਵੀ ਕੁੱਝ ਆਪਣੇ ਪੱਧਰ ਤੇ ਸੋਸ਼ਲ ਮੀਡੀਆ ਰਾਹੀਂ, ਆਪੋ ਆਪਣੇ ਨੇੜੇ ਦੇ ਕਿਸਾਨ ਭਰਾਵਾਂ ਦੀ ਮੇਲਜੋਲ ਤੇ ਇਕੱਤਰਤਾ ਰਾਹੀਂ, ਜ਼ਿਲ੍ਹਾ ਪ੍ਰਸ਼ਾਸ਼ਨ / ਸੰਬੰਧਿਤ ਵਿਭਾਗਾਂ ਦੇ ਸਹਿਯੋਗੀਆਂ ਰਾਹੀਂ, ਆਪਣੇ ਪੱਧਰ ਤੇ ਨੇੜਲੇ ਸ਼ਹਿਰਾਂ ਵਿਚ ਵੱਡੇ ਦੁਕਾਨਦਾਰਾਂ, ਸਟੋਰਾਂ, ਮਾਲਾਂ, ਆਪਣੇ ਸੇਲ ਪੁਆਇੰਟ ਆਦਿ ਬਣਾ ਕੇ ਉਹ ਵੀ ਬੇਝਿਜਕ ਹੋ ਕੇ ਅੱਗੇ ਆਉਣਾ ਪਵੇਗਾ । ਕੇਂਦਰੀ ਡਿਮਾਂਡ ਦੀ ਪੂਰਤੀ ਨੂੰ ਘਟਾਉਣਾ ਹੀ ਰੁੱਲਣ ਤੋਂ ਬਚਾਉਣ ਦਾ ਅਹਿਦ ਹੋ ਸਕਦਾ । ਗ੍ਰਾਹਕ ਸਿੱਧਾ ਕਿਸਾਨ ਤੋਂ ਅਤੇ ਕਿਸਾਨ ਵੀ ਕਿਸਾਨ ਤੋਂ ਖਰੀਦੇਗਾ ਤਾਂ ਜ਼ਿਆਦਾ ਲਾਹੇਵੰਦ ਸਾਬਤ ਹੋਵੇਗਾ । ਕਿਉਂਕਿ ਇਸ ਸਹਿਯੋਗ ਬਣਾਉਣ ਲਈ ਕਿਸਾਨ ਜਥੇਬੰਦੀਆਂ ਭੂਮਿਕਾ ਨਿਭਾ ਸਕਦੀਆਂ, ਕੇਵਲ ਇਕ ਫਤਵਾ ਸਭ ਨੂੰ ਦਿਸ਼ਾ ਦੇਣ ਦੇ ਜਾਰੀ ਕਰਨ ਨਾਲ । ਮੰਡੀ ਖਰੀਦਦਾਰ ਏਜੰਟਾਂ ਦਾ ਮੱਕੜਜਾਲ ਸਭਨਾਂ ਦੇ ਸਾਹਮਣੇ ਹੀ ਹੈ ਕਿ ਕਿਹੜੀ ਕਿਹੜੀ ਧਿਰ ਤੋਂ ਬੱਚਾਂਗੇ । ਅਗਾਂਹ ਸਾਇਲੋ ਹੋਰ ਖੋਲ੍ਹਣ ਦੇਣ ਦਾ ਵੀ ਵਧੇਰੇ ਜ਼ੋਰ ਹੈ ।

ਵੈਸੇ ਤਾਂ ਕਿਸਾਨ ਨੂੰ ਅੱਜ ਖੁਦ ਏਨਾਂ ਕੁ ਜਾਗਰੂਕ ਹੋਣ ਦੀ ਲੋੜ ਹੈ ਕਿ ਆਪ ਪੀ ਏ ਯੂ ਦੀ ਐਸ. ਐਮ. ਐਸ. ਲੱਗੀ ਕੰਬਾਈਨ ਦੀ ਮੰਗ ਕਰੇ । ਜਿਸ ਨਾਲ ਪਰਾਲੀ ਦਾ ਝੰਜਟ ਖੜ੍ਹਾ ਹੀ ਨਾ ਹੋਵੇ । ਦੂਜੇ ਪਾਸੇ ਪਰਾਲੀ ਬੇਲਰਾਂ ਦੁਆਰਾ ਇਕੱਠੀ ਕਰਵਾਉਣ ਦੀ ਕਾਹਲ ਬਾਰੇ



ਗੱਲ ਕਰੀਏ ਤਾਂ ਮੈਂ ਬਤੌਰ ਲੇਖਕ ਆਪਣੇ ਕਿਸੇ ਰਿਸ਼ਤੇਦਾਰ ਨੂੰ ਜਾਂ ਕਿਸੇ ਸੱਜਣ ਮਿੱਤਰ ਨੂੰ ਮੈਂ ਗੱਠਾਂ ਨਾ ਬਣਾਉਣ ਬਾਰੇ ਹੀ ਕਿਹਾ ਕਿ ਪਰਾਲੀ ਨੂੰ ਖੇਤ ਚ ਖਿਲਾਰ ਕੇ ਖੇਤ ਵੀ ਖੁਰਾਕ ਵਜੋਂ ਮਿੱਟੀ ਵਿਚ ਹੀ ਦਬਾਓ । ਇੱਕ ਤਾਂ ਇਹ ਹਰੀ ਖਾਦ ਦਾ ਫਾਇਦਾ ਹੋਊ, ਦੂਸਰਾ ਬਿਜਾਈ ਦੌਰਾਨ ਜਾਂ ਬਾਅਦ ਵਿਚ ਬਾਰਿਸ਼ ਹੋਣ ਨਾਲ ਕਣਕ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਉਲਟਾ ਪਰਾਲ ਪਾਣੀ ਚੂਸ ਲੈਂਦੀ ਹੈ । ਬਹੁਤੇ ਕਿਸਾਨ ਤਾਂ ਗੱਠਾਂ 'ਚ ਦੇਰੀ ਹੋਣ ਕਾਰਨ ਮਿੱਟੀ ਨੂੰ ਅੱਗ ਲਗਾ ਦਿੰਦੇ ਹਨ ਜਿੱਥੇ ਖਾਂਦੇ ਹਨ ਉਸ ਨੂੰ ਹੀ ਅਗਿਆਨਤਾ ਵੱਸ ਸਾੜ ਦਿੰਦੇ ਹਨ । ਵਾਤਾਵਰਣ ਖਰਾਬ ਕਰਨ ਦਾ ਦੋਸ਼ੀ ਔਖ਼ ਬਣਦਾ ਹੈ । ਜੋ ਕਿ ਹਰ ਕੋਈ ਭਾਵੇਂ ਮੂੰਹ ਤੇ ਨਹੀਂ ਪਰ ਪਿੱਠ ਤੇ ਜ਼ਰੂਰ ਇੱਕ ਦਿਨ ਮਾੜਾ ਜ਼ਰੂਰ ਉਸ ਧੂੰਏ ਨੂੰ ਲੈ ਕੇ ਬੋਲਦੇ ਹਨ । ਜਿਵੇਂ ਛੇ ਸੱਤ ਨਵੰਬਰ ਦੇ ਸਾਹ ਔਖੇ ਲੈਣ ਵਾਲੇ ਦਿਨ ਸਨ । ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਬਹੁਤੇ ਕਿਸਾਨ ਸ਼ਾਮ ਸਵੇਰੇ ਸੈਟੇਲਾਈਟ ਤੇ ਮੁਲਾਜ਼ਮਾਂ ਤੋਂ ਬੱਚਦੇ ਸ਼ਾਮ ਨੂੰ ਛੇ ਵਜੇ ਵੱਡੀ ਤਾਦਾਦ ਵਿਚ ਅੱਗ ਲਗਾਉਂਦੇ ਤੇ ਬੇਸਮਝੀ ਦਿਖਾਉਂਦੇ ਆਮ ਦੇਖੇ ਜਾਂਦੇ ਹਨ । ਜਦਕਿ ਏਥੇ ਸ਼ਾਇਦ ਉਹਨਾਂ ਨੂੰ ਇਹ ਨਹੀਂ ਪਤਾ ਕਿ ਉਹਨਾਂ ਦਾ ਧੂੰਆਂ ਉਹਨਾਂ ਦੇ ਆਪਣੇ ਪਿੰਡ ਨਹੀਂ ਰਹਿੰਦਾ ਜੇ ਰਹਿੰਦਾ ਹੁੰਦਾ ਤਾਂ ਅੱਗ ਲਗਾਉਣ ਦਾ ਫੈਸਲਾ ਉਹਨਾਂ ਨੂੰ ਆਪਣੇ ਪਰਿਵਾਰ ਤੇ ਜਨਜੀਵਨ ਬਿਮਾਰ ਕਰਨ ਨਾਲ ਲੱਗਦਾ । ਕਈ ਛੋਟੇ ਸਮਝਦਾਰ ਕਿਸਾਨ ਤਾਂ ਇਹ ਵੀ ਦੱਸਦੇ ਨਜ਼ਰ ਆਏ ਕਿ ਅਸੀਂ ਕੰਬਾਈਨ ਦੇ ਕੱਟਣ ਤੋਂ ਬਾਅਦ ਹਰੇ ਮੁੱਢ ਨੂੰ ਆਸਾਨੀ ਨਾਲ ਰੋਟਾਵੇਟਰ ਨਾਲ ਹੀ ਸਾਂਭ ਲੈਂਦੇ ਹਾਂ ਕਿਉਂਕਿ ਕਿ ਉਹ ਨਰਮ ਤੇ ਹਰਾ ਹੁੰਦਾ ਹੈ । ਉਹਨਾਂ ਕਿਹਾ ਕਿ ਏਡਾ ਮੁੱਦਾ ਨਹੀਂ ਜਿੰਨਾ ਪਰਾਲੀ ਨੂੰ ਹਊਆ ਬਣਾਇਆ ।

ਖੈਰ ਹੁਣ ਤਾਂ ਮਾਵਾਂ ਵੀ ਨਵੇਂ ਯੁੱਗ ਵਿਚ ਤੇਜ਼ ਤਰਾਰ ਨੇ ਤੇ ਪੜਾਕੂਆਂ ਆ ਗਈਆਂ, ਜੋ ਬੱਚੇ ਨੂੰ ਰੁਆਉਣ ਤੋਂ ਪਹਿਲਾਂ ਹੀ ਸਮਾਂ ਦੇਖ ਪੁੱਛ ਲੈਂਦੀਆਂ ਹਨ ਕਿ ਬੱਚੇ ਦੁੱਧ ਲਿਆਵਾਂ । ਅੱਜ ਇਹ ਸਾਨੂੰ ਮੰਨਣਾ ਪਵੇਗਾ ਕਿ ਬੱਚਾ ਜਿੰਨੀ ਦੇਰ ਤੱਕ ਰੋਂਦਾ ਨਹੀਂ ਮਾਂ ਦੁੱਧ ਨਹੀਂ ਪਿਆਉਂਦੀਆਂ ਇਸ ਨੂੰ ਵੀ ਤਕਰੀਬਨ ਲੰਘੇ ਸਮੇਂ ਦੀ ਬਾਤਾਂ ਹੀ ਕਹਿ ਲਵੋ । ਕਿਉਂਕਿ ਸਰਕਾਰਾਂ ਤੋਂ ਪਹਿਲਾਂ ਹੀ ਇੰਟੈਲੀਜੈਂਸ ਵਿੰਗ ਤੇ ਵਿਭਾਗ ਪ੍ਰਸਾਰ ਤੇ ਸਿਖਲਾਈ ਤੇ ਸਮੱਸਿਆਵਾਂ ਦੇ ਸਮਾਧਾਨ ਲਈ ਪ੍ਰਸ਼ਾਸਨ ਵੀ ਬਥੇਰਾ ਹੈ । ਲੀਡਰ ਜਾਂ ਅਫਸਰ ਅੱਜ ਕੋਈ ਵੀ ਕਾਕਾ ਅਠਾਰਾਂ ਸਾਲ ਦਾ ਨਹੀਂ ਬਣਦਾ, ਕਿ ਜਿਸ ਨੂੰ ਕਿਸੇ ਵੀ ਪਹਿਲੂਆਂ ਦੀ ਕਦੋਂ ਤੇ ਕਿੱਥੇ ਦਾ ਨਾ ਪਤਾ ਹੋਵੇ । ਇਹ ਜ਼ਿੰਮੇਵਾਰੀ ਕਿਸ ਦੀ ਬਣਦੀ ਹੈ ਤੇ ਕਿੰਨੇ ਤੇ ਕਦੋਂ ਤੇ ਕਿੱਦਾਂ ਨਿਭਾਉਣੀ ਐਂ ਆਪਾਂ ਸਭ ਭਲੀਭਾਂਤ ਜਾਣੂ ਹੈ । ਇਹੀ ਫਰਕ ਹੈ ਵਿਦੇਸ਼ਾਂ ਦੇ ਕਾਨੂੰਨ ਤੇ ਭਾਰਤੀ ਵਿਵਸਥਾ ਦੇ ਢਾਂਚੇ ਤੇ ਸੋਚ ਦਾ ।

# ਕਿੰਨੂ ਉਗਾਓ ਲਾਭ ਪਾਓ



ਭਾਰਤ ਵਿੱਚ ਫਲਾਂ ਦੇ ਅਧੀਨ ਕੁੱਲ ਖੇਤਰਫਲ 6.98 ਮਿਲੀਅਨ (69.8 ਲੱਖ) ਹੈਕਟੇਅਰ ਅਤੇ ਸਾਲਾਨਾ ਉਤਪਾਦਨ 81.28 ਮਿਲੀਅਨ (8.128 ਕਰੋੜ) ਮੀਟਰਿਕ ਟਨ ਹੈ। ਵਰਤਮਾਨ ਉਤਪਾਦਨ ਫਿਲਹਾਲ ਦੇਸ਼ ਦੀ 56 ਪ੍ਰਤੀਸ਼ਤ ਆਬਾਦੀ ਦੇ ਲਈ ਬਹੁਤ ਹੈ, ਜਦੋਂ ਕਿ ਦੇਸ਼ ਵਿੱਚ 140 ਮਿਲੀਅਨ (14 ਕਰੋੜ) ਮੀਟਰਿਕ ਟਨ ਫਲਾਂ ਦੀ ਜ਼ਰੂਰਤ ਹੋਵੇਗੀ। ਇਸ ਦੀ ਪੂਰਤੀ ਦੇ ਲਈ ਫਲਾਂ ਦੇ ਅਧੀਨ ਆਉਣ ਵਾਲੇ ਖੇਤਰ ਨੂੰ ਵਧਾ ਕੇ 18-30 ਮਿਲੀਅਨ (1.8 ਕਰੋੜ ਤੋਂ 3 ਕਰੋੜ) ਹੈਕਟੇਅਰ ਕਰਨ ਦੀ ਜ਼ਰੂਰਤ ਪਏਗੀ, ਅਰਥਾਤ ਖੇਤਰਫਲ ਦਾ 2.6 ਗੁਣਾ ਵਧਾਉਣਾ ਪਏਗਾ। ਇਸ ਪ੍ਰਕਾਰ ਰਾਜਸਥਾਨ ਵਿੱਚ ਕੁੱਲ ਬਿਜਾਈ ਖੇਤਰਫਲ ਦਾ 0.08 ਪ੍ਰਤੀਸ਼ਤ ਹੀ ਫਲਾਂ ਦੇ ਅਧੀਨ ਹੈ, ਜਦੋਂ ਕਿ ਇਸ ਦਾ ਖੇਤਰਫਲ ਘੱਟ ਤੋਂ ਘੱਟ 8 ਪ੍ਰਤੀ ਵਧਾਉਣ ਦੇ ਪੱਧਰ ਤੱਕ ਦੀ ਜ਼ਰੂਰਤ ਹੈ।

ਕਿੰਨੂ ਮੁੱਖ ਰੂਪ ਨਾਲ ਦੇਸ਼ ਦੇ ਉੱਤਰ-ਪੱਛਮ ਹਿੱਸਿਆਂ ਵਿੱਚ ਲਗਾਇਆ ਜਾਂਦਾ ਹੈ। ਇਸ ਵਿੱਚ ਰਾਜਿਸਥਾਨ ਤੇ ਗੰਗਾਨਗਰ ਅਤੇ ਹਨੂੰਮਾਨਗੜ੍ਹ, ਪੰਜਾਬ ਦੇ ਕੁੱਝ ਜ਼ਿਲ੍ਹੇ ਅਤੇ ਹਰਿਆਣਾ ਦੇ ਸਿਰਸਾ ਅਤੇ ਡੱਬਵਾਲੀ ਖੇਤਰ ਸ਼ਾਮਿਲ ਹੈ। ਭਾਰਤ ਵਿੱਚ ਕੁੱਲ 1,02,01 ਹਜ਼ਾਰ ਹੈਕਟੇਅਰ ਖੇਤਰਫਲ ਵਿੱਚ ਕਿੰਨੂੰ ਦੀ ਬਾਗਬਾਨੀ ਹੁੰਦੀ ਹੈ। ਇਸ ਦੇ ਰਾਜਿਸਥਾਨ ਵਿੱਚ 14.61 ਹਜ਼ਾਰ, ਪੰਜਾਬ ਵਿੱਚ 46.0 ਹਜ਼ਾਰ, ਹਰਿਆਣਾ ਵਿੱਚ 19.40 ਹਜ਼ਾਰ ਅਤੇ ਹਿਮਾਚਲ ਪ੍ਰਦੇਸ਼ ਦੇ 22 ਹਜ਼ਾਰ ਹੈਕਟੇਅਰ ਖੇਤਰਫਲ ਸ਼ਾਮਿਲ ਹਨ। ਕਿੰਨੂ ਦੀ ਬਾਗਬਾਨੀ ਵਿਚ ਲਗਾਤਾਰ ਖੇਤਰਫਲ ਵੱਧਣ ਦਾ ਮੁੱਖ ਕਾਰਨ, ਇਸ ਫਲ ਦੀ ਉਤਪਾਦਨ ਸਮਰੱਥਾ ਅਤੇ ਦੇਸ਼ ਵਿੱਚ ਇਸ ਦੀ ਵਧਦੀ ਮੰਗ ਹੈ। ਇਸ ਦੀ ਵਧੀਆ ਉਤਪਾਦਨ ਸਮਰੱਥਾ ਜ਼ਿਆਦਾ ਰਸ ਦੀ ਮਾਤਰਾ ਅਤੇ ਚੰਗੇ ਮੁੱਲ ਦੇ ਕਾਰਨ ਇਸ ਫਲ ਨੂੰ ਦਿਨ-ਪ੍ਰਤੀ ਦਿਨ ਚੰਗਾ ਹੁੰਗਾਰਾ ਮਿਲ ਰਿਹਾ ਹੈ। ਕਿੰਨੂ ਦੇਸ਼ ਭਰ ਦੀਆਂ ਮੰਡੀਆਂ ਵਿੱਚ ਆਪਣੀ ਇਕ ਅਲੱਗ ਹੀ ਪਹਿਚਾਣ ਬਣਾ ਚੁੱਕਿਆ ਹੈ। ਇਸ ਫਲ ਦਾ ਮੁੱਖ ਆਕਰਸ਼ਣ, ਇਸ ਦਾ ਰੰਗ, 5.5 ਪ੍ਰਤੀਸ਼ਤ ਜੂਸ ਅਤੇ ਦੂਰ ਸਥਾਨਾਂ ਤੱਕ ਆਵਾਜਾਈ ਦੁਆਰਾ ਜਾਣ ਵਿੱਚ ਸਮਰੱਥ ਹੋਣਾ ਹੈ।

ਹੁਣ ਤੱਕ ਕਿੰਨੂ ਵੀ ਸਿਰਫ ਫਲ ਦੇ ਰੂਪ ਵਿੱਚ ਹੀ ਵਰਤੋਂ ਕੀਤੀ ਜਾ ਰਹੀ ਹੈ। ਇਸ ਫਲ ਦੇ ਜੂਸ ਪੈਕਟ ਵੀ ਵਪਾਰਿਕ ਰੂਪ ਨਾਲ ਲੋਕਪ੍ਰਿਯ ਹੋ ਰਹੇ ਹਨ। ਕਿੰਨੂ ਦੇ ਰਸ ਨੂੰ ਕੌੜਾ-ਰਹਿਤ ਕਰਨ 'ਤੇ ਵੀ ਕੰਮ ਕੀਤਾ ਜਾ ਰਿਹਾ ਹੈ। ਇਸ ਵਿੱਚ ਛੋਟੇ ਆਕਾਰ ਦੇ ਕਿੰਨੂ ਦੇ ਫਲ ਨੂੰ ਵਰਤੋਂ ਵਿੱਚ ਲਿਆਇਆ ਜਾ ਸਕੇਗਾ। ਇਸ ਪ੍ਰਕਾਰ ਪ੍ਰੋਸੈਸਿੰਗ ਨਾਲ ਕਿੰਨੂ ਦੀ ਜ਼ਿਆਦਾ ਪੈਦਾਵਾਰ ਨੂੰ ਵੀ ਆਸਾਨੀ ਨਾਲ ਹੋਰ ਵਰਤੋਂ ਵਿਚ ਲਿਆਉਂਦਾ ਜਾ ਸਕੇਗਾ ਅਤੇ ਕਿਸਾਨਾਂ ਨੂੰ ਜ਼ਿਆਦਾ ਮੁੱਲ ਮਿਲ ਸਕੇਗਾ।

ਇਹ ਤਾਂ ਹੀ ਸੰਭਵ ਹੋ ਸਕੇਗਾ ਜੇ ਕਿਸਾਨ ਬਾਗਾਂ ਦੀ ਚੰਗੀ ਦੇਖਭਾਲ ਕਰਨਗੇ ਅਤੇ ਨਰਸਰੀ ਤੋਂ ਫਲ-ਉਤਪਾਦਨ ਤੱਕ ਦੀਆਂ ਸਾਰੀਆਂ ਪ੍ਰਕਿਰਿਆਵਾਂ ਨੂੰ ਵਿਗਿਆਨਕ ਢੰਗ ਨਾਲ ਅਪਨਾਉਗੇ। ਪਾਣੀ ਦੀ ਘਾਟ ਨੂੰ ਦੇਖਦੇ ਹੋਏ ਕਿਸਾਨਾਂ ਨੂੰ ਬਾਗਾਂ ਦੇ ਲਈ ਟਪਕਾ ਸਿੰਚਾਈ ਪ੍ਰਣਾਲੀ ਦੇ ਨਾਲ-ਨਾਲ ਸੰਘੜੀ ਬਾਗਬਾਨੀ ਵੱਲ ਵੀ ਧਿਆਨ ਦੇਣਾ ਹੋਵੇਗਾ, ਤਾਂ ਕਿ ਪ੍ਰਤੀ ਹੈਕਟੇਅਰ ਉਤਪਾਦਨ ਵਧਾਇਆ ਜਾ ਸਕੇ। ਕੀਟਾਂ ਅਤੇ ਰੋਗਾਂ ਦੀ ਰੋਕਥਾਮ ਦੇ ਲਈ ਵਿਗਿਆਨਕ ਤਰੀਕੇ ਨਾਲ ਬਗੀਚੇ ਦਾ ਪ੍ਰਬੰਧ ਕਰਨ। ਖਾਦ ਅਤੇ ਰਸਾਇਣਿਕ ਖਾਦਾਂ ਦੀ ਵਰਤੋਂ ਮਾਤਰਾ ਮਿੱਟੀ ਅਤੇ ਪੌਦ ਵਿਸ਼ਲੇਸ਼ਣ ਦੇ ਆਧਾਰ 'ਤੇ ਹੀ ਤੈਅ ਕਰਨੀ ਚਾਹੀਦੀ ਹੈ। ਇਹਨਾਂ ਸਭ ਦੇ ਨਾਲ-ਨਾਲ ਫਲ ਤੁੜਾਈ ਬਾਅਦ ਭੰਡਾਰਨ ਅਤੇ ਮਾਰਕੀਟਿੰਗ ਨਾਲ ਸਬੰਧਿਤ ਜਾਣਕਾਰੀ ਖ਼ੁਦ ਰੱਖੋ।

ਮਾਰਕੀਟਿੰਗ ਦੇ ਪ੍ਰਤੀ ਜਾਗਰੂਕਤਾ ਅਤੇ ਫਲ ਉਤਪਾਦਨ ਦੇ ਸੰਘਣੇ ਯਤਨਾਂ ਨਾਲ ਹੀ, ਇਸ ਦੀ ਖੇਤੀ ਤੋਂ ਲਾਭ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਪ੍ਰਕਾਰ ਵਿਦੇਸ਼ੀ ਮੁਦਰਾ ਕਮਾਉਣ ਕਰਕੇ ਕਿਸਾਨ ਖੁਸ਼ਹਾਲ ਹੋ ਸਕੇਗਾ।

ਕਿੰਨੂ ਉਤਪਾਦਨ ਵਿੱਚ ਜਿੱਥੇ ਇਕ ਪਾਸੇ ਬਹੁਤ ਹੀ ਉੱਜਵਲ ਭਵਿੱਖ ਹੈ। ਉੱਥੇ ਦੂਜੇ ਪਾਸੇ ਕਿਸਾਨਾਂ ਨੂੰ ਇਸ ਦੇ ਉਤਪਾਦਨ ਅਤੇ ਵੰਡ ਵਿੱਚ ਕਈ ਸਮੱਸਿਆਵਾਂ ਨਾਲ ਜੂਝਣਾ ਪੈਂਦਾ ਹੈ ਜੋ ਹੇਠ ਲਿਖੇ ਹਨ :

1. **ਸਿਹਤਮੰਦ ਅਤੇ ਗੁਣਵੱਤਾ ਭਰਪੂਰ ਪੌਦਿਆਂ ਦੀ ਕਮੀ** : ਜੇਕਰ ਪੌਦਿਆਂ ਦੇ ਨਰਸਰੀ ਤੋਂ ਵੰਡ ਨੂੰ ਪ੍ਰਤੱਖ ਵਿਚ ਲੱਗੇ ਬਾਗਾਂ ਨਾਲ ਤੁਲਨਾ ਕਰੀਏ ਤਾਂ ਇਸ ਵਿਚ ਘੱਟ ਤੋਂ ਘੱਟ 50 ਪ੍ਰਤੀਸ਼ਤ ਦਾ ਅੰਤਰ ਨਜ਼ਰ ਆਏਗਾ। ਇਸ ਦਾ ਮੁੱਖ ਕਾਰਨ ਨਵੇਂ ਲੱਗੇ ਬਾਗਾਂ ਵਿੱਚ ਪੌਦਿਆਂ ਦੀ ਮੌਤ ਸੰਖਿਆ ਦਾ ਜ਼ਿਆਦਾ ਹੋਣਾ ਹੈ। ਨਰਸਰੀ ਵਿਚ ਉਪਲਬਧ ਪੌਦਿਆਂ ਦੀ ਗੁਣਵੱਤਾ ਬਹੁਤ ਘੱਟ ਹੁੰਦੀ ਹੈ। ਇਹੋ ਕਾਰਨ ਹੈ ਕਿ ਸਿਹਤਮੰਦ ਪੌਦੇ ਜੋ ਕਿ ਰੋਗ ਰਹਿਤ ਅਤੇ ਉੱਚਿਤ ਮੂਲਵ੍ਰਤ 'ਤੇ ਤਿਆਰ ਕੀਤੇ ਜਾਂਦੇ ਹਨ ਅਤੇ ਉੱਚ ਗੁਣਵੱਤਾ ਵਾਲੇ ਮਾਤਰ ਸੰਕਰ ਟਾਹਣੀ ਤੋਂ ਲਏ ਹੁੰਦੇ ਹਨ, ਜ਼ਿਆਦਾ ਮਹੱਤਵਪੂਰਨ ਮੰਨੇ ਜਾਂਦੇ ਹਨ। ਇਸਨੂੰ ਧਿਆਨ ਵਿੱਚ ਰੱਖਦੇ ਹੋਏ ਰੋਗਮੁਕਤ ਵਾਇਰਸ ਰਹਿਤ ਪੌਦੇ ਤਿਆਰ ਕਰਨ ਦੀ ਜ਼ਰੂਰਤ ਹੈ, ਤਾਂ ਕਿ ਕਿਸਾਨਾਂ ਨੂੰ ਉੱਚ ਗੁਣਵੱਤਾ ਵਾਲੇ ਪੌਦੇ ਉਪਲੱਬਧ ਹੋ ਸਕਣ। ਇਸ ਤੋਂ ਇਲਾਵਾ ਰਾਸ਼ਟਰੀ ਬਾਗਬਾਨੀ ਮਿਸ਼ਨ ਵਿੱਚ ਇਲਾਇਟ ਨਰਸਰੀ ਪ੍ਰਬੰਧਕਾਂ ਨੂੰ ਸਕਰੀਨ ਹਾਊਸ ਦੇ ਲਈ ਤਿੰਨ ਅਤੇ 18 ਲੱਖ ਰੁਪਏ ਦੀ ਨਰਸਰੀ 'ਤੇ 50 ਪ੍ਰਤੀਸ਼ਤ ਸਬਸਿਡੀ ਦੀ ਵਿਵਸਥਾ ਕੀਤੀ ਗਈ ਹੈ।

★ ਪਾਣੀ ਦੀ ਘਾਟ ਉਪਲਬੱਧਤਾ ਦੇ ਕਾਰਨ ਬਾਗਾਂ ਦੀ ਸਿੰਚਾਈ ਦੀ ਵਿਵਸਥਾ ਦੇ ਵੱਲ ਖਾਸ ਧਿਆਨ ਦੇਣਾ ਪਵੇਗਾ। ਕਿਸਾਨਾਂ ਨੂੰ ਸੂਖਮ ਫੁਹਾਰਾ ਅਤੇ ਤੁਪਕਾ ਸਿੰਚਾਈ ਪ੍ਰਣਾਲੀ ਨੂੰ ਅਪਨਾਉਣਾ ਪਏਗਾ। ਇਸ ਕੰਮ ਲਈ ਖੋਜ ਪਿਛਲੇ ਕਈਂ ਸਾਲਾਂ ਤੋਂ ਚਲ ਰਹੀ ਹੈ। ਪੌਦੇ ਦੀ ਉਮਰ ਅਤੇ ਮੌਸਮ ਦੇ ਅਨੁਸਾਰ ਪਾਣੀ ਦੀ ਉਪਲੱਬਧਤਾ ਦੀ ਸਿਫਾਰਿਸ਼ ਕੀਤੀ ਗਈ ਹੈ। ਇਸ ਨੂੰ ਧਿਆਨ ਵਿਚ ਰਖਦੇ ਹੋਏ ਪਾਣੀ ਦੇਣਾ ਚਾਹੀਦਾ ਹੈ। ਇਸ ਵਿੱਚ ਫਰਟੀਗੇਸ਼ਨ (ਤੁਪਕਾ ਸਿੰਚਾਈ ਦੇ ਨਾਲ ਰਸਾਇਣਿਕ ਖਾਦਾਂ ਮਿਲਾ ਕੇ ਦੇਣੀਆਂ) ਤੇ ਅਜੇ ਬਹੁਤ ਕੰਮ ਹੋ ਰਿਹਾ ਹੈ। ਕਿੰਨੂ ਦੇ ਬਾਗਾਂ ਵਿੱਚ, ਪੌਦਿਆਂ ਦੇ ਬਾਗ ਲਗਾ ਕੇ ਜ਼ਮੀਨ ਦੀ ਉਚਿੱਤ ਵਰਤੋਂ ਕੀਤੀ ਜਾ ਸਕਦੀ ਹੈ ਅਤੇ ਪ੍ਰਤੀ ਹੈਕਟੇਅਰ ਉਤਪਾਦਨ ਦੋ ਤੋਂ ਢਾਈ ਗੁਣਾਂ ਵਧਾਇਆ ਜਾ ਸਕਦਾ ਹੈ। ਕਿਸਾਨ 20×20 ਫੁੱਟ ਦੀ ਜਗ੍ਹਾ 14×20 ਫੁੱਟ ਦੀ ਦੂਰੀ ਤੇ ਪੌਦੇ ਲਗਾ ਕੇ ਪ੍ਰਤੀ ਹੈਕਟੇਅਰ 256 ਪੌਦੇ ਦੀ ਜਗ੍ਹਾ 'ਤੇ 400 ਪੌਦੇ ਲਗਾ ਸਕਦੇ ਹਨ।

★ ਕਿਸਾਨਾਂ ਨੂੰ ਪੌਦਿਆਂ 'ਤੇ ਰਸਾਇਣਿਕ ਖਾਦਾਂ ਦੀ ਵਰਤੋਂ ਦੇ ਲਈ ਮਿੱਟੀ ਦੇ ਨਾਲ-ਨਾਲ ਪੱਤਿਆਂ ਦੀ ਵੀ ਜਾਂਚ ਕਰਵਾਉਣੀ ਚਾਹੀਦੀ ਹੈ। ਜਾਂਚ ਦੇ ਆਧਾਰ 'ਤੇ ਹੀ ਰਸਾਇਣਿਕ ਖਾਦਾਂ ਅਤੇ ਸੂਖਮ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

★ ਕਿੰਨੂ ਦੇ ਬਾਗ ਵਿੱਚ ਸਭ ਤੋਂ ਵੱਡੀ ਸਮੱਸਿਆ ਫਾਈਟੋਪਥੋਰਾ ਨਾਮਕ ਰੋਗ ਤੋਂ ਹੋਣ ਵਾਲਾ ਨੁਕਸਾਨ ਹੈ। ਇਸ ਕਾਰਨ ਹਰ ਸਾਲ ਭਾਰੀ ਗਿਣਤੀ ਵਿੱਚ ਬਾਗ ਸੁੱਕ ਰਹੇ ਹਨ। ਇਸ ਦੇ ਉਪਚਾਰ ਲਈ ਰਿਡੋਮਿਲ ਐੱਮ ਜ਼ੈੱਡ (1 ਗ੍ਰਾਮ ਪ੍ਰਤੀ ਲੀਟਰ) ਨਾਲ ਉਪਚਾਰ ਕੀਤਾ ਜਾ ਸਕਦਾ ਹੈ। ਇਸ ਦੀ ਜ਼ਿਆਦਾ ਮਾਤਰਾ ਵਿੱਚ ਵਰਤੋਂ ਮਨ੍ਹਾ ਹੈ। ਇਸ ਵਿੱਚ ਟਰਾਈਮਿਡਰਮਾ (80-100 ਗ੍ਰਾਮ ਪ੍ਰਤੀ ਪੌਦੇ) ਦੀ ਵਰਤੋਂ ਲੰਬੇ ਸਮੇਂ ਤੱਕ ਕਾਰਗਰ ਹੋਣ ਦੇ ਨਾਲ ਜ਼ਿਆਦਾ ਲਾਭਦਾਇਕ ਹੈ।

ਪ੍ਰਯੋਗਾਂ ਦੇ ਆਧਾਰ 'ਤੇ ਲਈ ਜਟੀ-ਖੱਟੀ (ਸੀਟਰਸ ਜੰਭੇਰੀ ਲੁਸ਼) ਸਭ ਤੋਂ ਚੰਗੀ ਮੂਲ-ਟਹਿਣੀ ਪਾਈ ਗਈ ਹੈ। ਇਸ ਰੁੱਖ ਨੂੰ ਲਗਾਉਣ ਦਾ ਠੀਕ ਸਮਾਂ ਅਗਸਤ ਅਤੇ ਫਰਵਰੀ ਹੈ। ਬਲੂਈ-ਦੋਮਟ ਮਿੱਟੀ ਜਿਸਦਾ ਪੀ ਐਚ ਮਾਨ-8.5 ਬਿਜਲੀ ਚਾਲਕਤਾ 0.5 ਮਿਲੀਲਿਟਰ ਮਹੋਜ / ਸੈਂਟੀਮੀਟਰ, ਕੈਲਸ਼ੀਅਮ ਕਾਰਬੋਨੇਟ 5 ਪ੍ਰਤੀਸ਼ਤ ਤੋਂ ਘੱਟ, ਚੂਨਾ 10 ਪ੍ਰਤੀਸ਼ਤ ਤੋਂ ਘੱਟ ਅਤੇ ਸਖਤ ਪਰਤ ਰਹਿਤ ਹੋਵੇ, ਕਿੰਨੂ ਦੇ ਬਾਗ ਲਗਾਉਣ ਲਈ ਵਧੀਆ ਪਾਈ ਗਈ ਹੈ।

ਕਿੰਨੂ ਦਾ ਪੌਦਾ 10 ਤੋਂ 35 ਡਿਗਰੀ ਸੈਲਸੀਅਸ ਤਾਪਮਾਨ ਵਿੱਚ ਚੰਗਾ ਪਲਦਾ ਹੈ। ਇਹ ਸਰਦੀਆਂ ਵਿੱਚ ਬਹੁਤ ਘੱਟ ਤਾਪਮਾਨ ਅਤੇ ਗਰਮੀਆਂ ਵਿੱਚ ਜ਼ਿਆਦਾ ਤਾਪਮਾਨ ਸਹਿਣ ਕਰ ਸਕਦਾ ਹੈ। ਜੇਕਰ ਤਾਪਮਾਨ 0 ਡਿਗਰੀ ਸੈਲਸੀਅਸ ਤੋਂ ਘੱਟ ਅਤੇ 40 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਹੋਵੇ ਤਾਂ ਪੌਦੇ ਅਤੇ ਫਲ 'ਤੇ ਮਾੜਾ ਅਸਰ ਪੈਂਦਾ ਹੈ। ਜ਼ਿਆਦਾ ਠੰਡ ਵਿੱਚ ਫਲ ਡਿੱਗਣ ਦੀ ਅਸ਼ੰਕਾ ਹੁੰਦੀ ਹੈ। ਕਿੰਨੂ ਦੇ ਫਲ ਨੂੰ ਫੁੱਲ ਤੋਂ ਪੱਕਾ ਫਲ ਬਣਨ ਦਾ ਸਮਾਂ 9 ਮਹੀਨੇ ਦਾ ਹੈ।

ਕਿੰਨੂ ਵਿੱਚ ਕੀਟ ਅਤੇ ਰੋਗਾਂ ਤੋਂ ਇਲਾਵਾ ਵਿਸ਼ਾਣੂੰ ਜਿਵੇਂ ਟੀਰਸਟੀਜ ਗਰੀਨਿੰਗ, ਰਿੰਗ ਸਪਾਟ ਵਾਇਰਸ ਬਹੁਤ ਹੀ ਖਤਰਨਾਕ ਹਨ। ਇਸ ਦੇ ਕਾਰਨ ਥੋੜ੍ਹੇ ਸਮੇਂ ਵਿੱਚ ਪੌਦੇ ਮਰ ਜਾਂਦੇ ਹਨ। ਇਸ ਦੇ ਲਈ ਵਿਸ਼ਾਣੂੰ ਰਹਿਤ ਪੌਦਿਆਂ ਦੀ ਵਰਤੋਂ ਹੀ ਇਕ ਮਾਤਰ ਉਪਾਅ ਹੈ। ਉਪਰੋਕਤ ਦੱਸੀਆਂ ਸਿਫਾਰਿਸ਼ਾਂ ਨਾਲ ਕਿੰਨੂ ਦੀ ਬਾਗਬਾਨੀ ਕਰਨ ਨਾਲ ਕਿਸਾਨ ਵਧੇਰੇ ਉਤਪਾਦਨ ਅਤੇ ਮੁੱਲ ਪ੍ਰਾਪਤ ਕਰ ਸਕਦੇ ਹਨ।

**ਕਿੰਨੂ : ਜਾਣ ਪਹਿਚਾਣ** : ਕਿੰਨੂ ਇਕ ਹਾਈਬਰਿਡ ਫਲ ਕਿਸਮ ਹੈ, ਜਿਸਨੂੰ ਸਾਲ 1915 ਵਿੱਚ ਡਾ. ਐਚ ਬੀ ਫਰਾਸਟ ਰਾਹੀਂ ਅਮਰੀਕਾ ਦੇ ਕੈਲੀਫੋਰਨੀਆਂ ਯੂਨੀਵਰਸਿਟੀ ਦੇ ਰੀਵਰ ਸਾਈਟ ਵਿਚ ਵਿਕਸਿਤ ਕੀਤਾ ਸੀ। ਇਸ ਕਿਸਮ ਦੀ ਸਿਫਾਰਿਸ਼ ਸਾਲ 1935 ਵਿੱਚ ਕੀਤੀ ਗਈ ਅਤੇ ਪਹਿਲੀ ਵਾਰ ਵੱਡੇ ਪੈਮਾਨੇ ਦੇ ਇਸ ਨੂੰ ਉਗਾਇਆ ਗਿਆ। ਇਸ ਫਸਲ ਦਾ ਛਿਲਕਾ ਨਾ ਤਾਂ ਸੰਤਰੇ ਦੀ ਤਰ੍ਹਾਂ ਬਹੁਤ ਹੀ ਢਿੱਲਾ ਹੁੰਦਾ ਹੈ ਨਾਂ ਹੀ ਮਲਟਾ ਦੀ ਤਰ੍ਹਾਂ ਬਹੁਤ ਹੀ ਸਖਤ। ਸਾਲ 1940 ਵਿੱਚ ਕਿੰਨੂ ਦਾ ਪੌਦਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਖੋਜ ਸੰਸਥਾਨ ਲਾਇਲਪੁਰ (ਹੁਣ ਪਾਕਿਸਤਾਨ ਵਿਚ ਹੈ) ਵਿੱਚ ਪਹਿਲੀ ਵਾਰ ਲਗਾਇਆ ਗਿਆ ਸੀ। ਆਜ਼ਾਦੀ ਦੇ ਬਾਅਦ ਸਾਲ 1958 ਵਿੱਚ ਅਮਰੀਕਾ ਦੇ ਕੈਲੀਫੋਰਨੀਆ ਤੋਂ ਲਿਆ ਕੇ ਉੱਤਰ ਭਾਰਤ ਵਿੱਚ ਇਸਨੂੰ ਲਗਾਇਆ ਗਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਫਲ ਖੋਜ ਕੇਂਦਰ ਨੇ ਪਹਿਲੀ ਵਾਰ ਕਿੰਨੂ 'ਤੇ ਖੋਜ ਕਰਕੇ ਇਸਨੂੰ ਕਿਸਾਨਾਂ ਦੁਆਰਾ ਲਗਾਉਣ ਦੀ ਸਿਫਾਰਿਸ਼ ਕੀਤੀ। ਰਾਜਸਥਾਨ ਦੇ ਗੰਗਾਨਗਰ ਜ਼ਿਲ੍ਹੇ ਵਿਚ ਬਾਗਬਾਨ ਪੰਡਤ ਸਰਦਾਰ ਕਰਤਾਰ ਸਿੰਘ ਜੀ ਨੇ ਇਸ ਨੂੰ ਪਹਿਲੀ ਵਾਰ 1962 ਵਿੱਚ ਆਪਣੇ ਬਾਗ ਵਿੱਚ ਲਗਾਇਆ। ਅੱਜ ਇਸ ਦੇ ਫਲ ਕਾਰਨ ਗੰਗਾਨਗਰ ਦੀ ਪਹਿਚਾਣ ਬਣੀ ਹੋਈ ਹੈ। ਕਿੰਨੂ ਦਾ ਹੌਲੀ ਹੌਲੀ ਖੇਤਰਫਲ ਵਧਦਾ ਜਾ ਰਿਹਾ ਹੈ। ਇਸ ਵਿੱਚ ਤੁਪਕਾ ਸਿੰਚਾਈ ਦੇ ਅਧੀਨ ਤਿੰਨ ਹਜ਼ਾਰ ਹੈਕਟੇਅਰ ਤੋਂ ਜ਼ਿਆਦਾ ਰਕਬਾ ਹੈ।



**ਵਧਦੀ ਮੰਗ** : ਕਿੰਨੂ ਦੀ ਮੰਗ ਬੰਗਲੌਰ, ਚੇਨਈ, ਹੈਦਰਾਬਾਦ, ਕਲਕੱਤਾ, ਦਿੱਲੀ ਅਤੇ ਹੋਰ ਪ੍ਰਮੁੱਖ ਮੰਡੀਆਂ ਵਿੱਚ ਕਾਫ਼ੀ ਹੈ। ਰਾਸ਼ਟਰੀ ਬਾਗਬਾਨੀ ਬੋਰਡ ਨੇ ਇਕ ਸਰਵੇਖਣ ਵਿੱਚ ਕਿਹਾ ਹੈ ਕਿ ਇਸ ਦੀ ਮੰਗ ਹੈਦਰਾਬਾਦ, ਦਿੱਲੀ, ਰਾਏਪੁਰ ਅਤੇ ਭੁਵਨੇਸ਼ਵਰ ਦੀਆਂ ਮੰਡੀਆਂ ਵਿੱਚ ਆਉਣ ਵਾਲੇ ਸਮੇਂ ਵਿੱਚ 10-15 ਗੁਣਾਂ ਵੱਧ ਜਾਵੇਗੀ। ਇਸਨੂੰ ਇਕ ਬਹੁਤ ਹੀ ਵੱਡਾ ਉਛਾਲ ਮਿਲਣ ਦੀ ਸੰਭਾਵਨਾ ਹੈ। ਇਸ ਪ੍ਰਕਾਰ ਕਿੰਨੂ ਫਲ ਦੀ ਵਿਦੇਸ਼ਾਂ ਵਿੱਚ ਜਿਵੇਂ ਸ੍ਰੀ ਲੰਕਾ, ਥਾਈਲੈਂਡ, ਮੱਧ ਪੂਰਬੀ ਏਸ਼ੀਆਈ ਦੇਸ਼, ਬਹਿਰੀਨ, ਕੁਵੈਤ, ਸਾਊਦੀ ਅਰਬ ਵਿੱਚ ਵੀ ਲਗਾਤਾਰ ਮੰਗ ਵਧ ਰਹੀ ਹੈ।

**ਰੋਗ ਅਤੇ ਕੀਟ ਪ੍ਰਬੰਧ** : ਕਿੰਨੂ ਵਿੱਚ ਕੀਟ-ਪਤੰਗਾਂ ਜਿਵੇਂ ਸਿਟਰਸਸਿਲਾ, ਸਫੇਦ ਮੱਖੀ, ਕਾਲੀ ਮੱਖੀ, ਮਾਈਟ ਅਤੇ ਲੀਫ ਮਾਈਨਰ ਦੇ ਹਮਲੇ ਕਾਰਨ ਨੁਕਸਾਨ ਹੋਣ ਦੀ ਪੂਰੀ ਅਸ਼ੰਕਾ ਬਣੀ ਰਹਿੰਦੀ ਹੈ। ਇਸ ਦੇ ਹਮਲੇ ਕਾਰਨ ਕਿੰਨੂ ਦੇ ਬਾਗਾਂ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਪਹੁੰਚ ਰਿਹਾ ਹੈ। ਇਸ ਤੋਂ ਇਲਾਵਾ ਪਿਛਲੇ ਕੁਝ ਸਾਲਾਂ ਤੋਂ ਮਿਲੀ ਬੱਗ, ਸਕੇਲ, ਥਰਿਪਸ, ਹੈਲੀਓਥਿਸ ਅਤੇ ਫਲ ਮੱਖੀ ਦਾ ਵੀ ਹਮਲਾ ਵੱਧ ਰਿਹਾ ਹੈ। ਇਹਨਾਂ ਦੀ ਰੋਕਥਾਮ ਲਈ ਉਚਿਤ ਕੀਟਨਾਸ਼ਕਾਂ ਨਾਲ ਅੰਧਾ-ਧੁੰਦ ਵਰਤੋਂ ਮਿੱਤਰ ਕੀੜਿਆਂ ਨੂੰ ਵੀ ਨੁਕਸਾਨ ਪਹੁੰਚਾਉਂਦੀ ਹੈ।

**ਵਿਕਰੀ** : ਅਕਸਰ ਕਿੰਨੂ ਦੀ ਮਾਰਕੀਟਿੰਗ ਵਿਚੋਲਿਆਂ ਦੁਆਰਾ ਹੁੰਦੀ ਹੈ। ਇਸ ਕਾਰਨ ਕਿਸਾਨਾਂ ਨੂੰ ਜਿੰਨਾ ਲਾਭ ਮਿਲਣਾ ਚਾਹੀਦਾ ਹੈ, ਉੰਨਾ ਨਹੀਂ ਮਿਲ ਰਿਹਾ ਹੈ। ਇਸ ਦੇ ਲਈ ਇਕ ਕਾਰਗਰ ਅਤੇ ਸੁਚਾਰੂ ਵਿਕਰੀ ਤੰਤਰ ਦੀ ਜ਼ਰੂਰਤ ਹੈ। ਕਿੰਨੂ ਦੀ ਤੁੜਾਈ, ਗ੍ਰੇਡਿੰਗ, ਮੋਮੀਕਰਨ ਅਤੇ ਡੱਬਾਬੰਦੀ ਦੀ ਤਕਨੀਕ ਵਿਕਸਿਤ ਕੀਤੀ ਜਾ ਚੁੱਕੀ ਹੈ। ਇਹੋ ਕਾਰਨ ਹੈ ਕਿ ਅੱਜ ਮੁੱਖ ਕਿੰਨੂ ਉਤਪਾਦਨ ਖੇਤਰ ਜਿਵੇਂ ਗੰਗਾਨਗਰ ਵਿੱਚ ਸੱਤ-ਅੱਠ ਪੈਕਿੰਗ ਅਤੇ ਮੋਮੀਕਰਨ ਕੇਂਦਰ ਹਨ। ਇਸ ਦੇ ਨਤੀਜੇ ਵਜੋਂ ਕਿੰਨੂ ਦੀ ਮੰਗ ਭਾਰਤ ਦੀਆਂ ਵੱਡੀਆਂ ਵੱਡੀਆਂ ਫਲ ਮੰਡੀਆਂ ਜਿਵੇਂ ਦਿੱਲੀ, ਬੰਗਲੌਰ, ਚੇਨਈ, ਹੈਦਰਾਬਾਦ, ਕਲਕੱਤਾ, ਮੁੰਬਈ ਅਤੇ ਪੂਨੇ ਵਿੱਚ ਬਹੁਤ ਵੱਧ ਰਹੀ ਹੈ। ਪਿਛਲੇ ਕੁਝ ਸਾਲਾਂ ਤੋਂ ਇਸ ਦੇ ਫਲਾਂ ਨੂੰ ਯੂਰਪ ਅਤੇ ਹੋਰ ਦੇਸ਼ਾਂ ਵਿਚ ਭੇਜਿਆ ਗਿਆ ਹੈ। ਇਹ ਫਲ ਸ੍ਰੀ ਲੰਕਾ, ਬੰਗਲਾ ਦੇਸ਼, ਨੇਪਾਲ ਅਤੇ ਮੱਧ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਬਹੁਤ ਲੋਕਪ੍ਰਿਯ ਹੈ। ਏਸ਼ੀਆ ਦੇ ਕਈ ਵੱਡੇ ਬਾਜ਼ਾਰਾਂ ਵਿੱਚ ਇਸਨੂੰ ਭੇਜਣ ਲਈ ਪੈਕਿੰਗ ਅਤੇ ਮਾਰਕੀਟਿੰਗ ਦੇ ਨਵੇਂ ਤਰੀਕਿਆਂ ਦੀ ਖੋਜ ਕਰਨ ਦੀ ਜ਼ਰੂਰਤ ਹੈ। ਇਸ ਤੇ ਇਲਾਵਾ ਕਿੰਨੂ ਨੂੰ ਜੂਸ ਦੇ ਰੂਪ ਵਿੱਚ ਵੀ ਲੋਕਪ੍ਰਿਯ ਕੀਤਾ ਜਾਣਾ ਚਾਹੀਦਾ ਹੈ।

# ਸੂਬੇ ਵਿੱਚ ਝੋਨੇ ਦੀ ਖਰੀਦ ਦਾ ਟੀਚਾ ਪੂਰਾ ਹੋਣਾ ਮੁਸ਼ਕਿਲ ਹੀ ਨਹੀਂ, ਸਗੋਂ ਨਾਮੁਮਕਿਨ

ਇਸ ਸਾਲ ਸੂਬੇ ਵਿੱਚ ਝੋਨੇ ਦੀ ਖਰੀਦ ਦਾ ਟੀਚਾ ਪੂਰਾ ਕਰਨਾ ਮੁਸ਼ਕਿਲ ਹੀ ਨਹੀਂ, ਸਗੋਂ ਨਾਮੁਮਕਿਨ ਹੈ, ਹੁਣ ਜਦੋਂ ਕਿ ਸੂਬੇ ਦੀਆਂ ਮੰਡੀਆਂ ਵਿੱਚ ਝੋਨੇ ਦੀ ਆਮਦ ਨਾ ਮਾਤਰ ਹੀ ਹੈ ਅਤੇ ਝੋਨੇ ਦੀ ਖਰੀਦ ਪ੍ਰਕਿਰਿਆ ਲਗਭਗ ਮੁਕੰਮਲ ਹੋਣ ਵਾਲੀ ਹੈ, ਸੂਬੇ ਵਿੱਚ 27 ਨਵੰਬਰ ਤੱਕ ਟੀਚੇ ਨਾਲੋਂ 9 ਫੀਸਦੀ ਝੋਨੇ ਦੀ ਖਰੀਦ ਘੱਟ ਹੋਈ ਹੈ। ਕੇਂਦਰ ਸਰਕਾਰ ਦੀ ਖਰੀਦ ਏਜੰਸੀ ਐਫ. ਸੀ. ਆਈ. ਨੇ ਪੰਜਾਬ ਵਿੱਚੋਂ 185 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕਰਨ ਦਾ ਟੀਚਾ ਰੱਖਿਆ ਸੀ, ਪਰ 27 ਨਵੰਬਰ ਤੱਕ ਤਕਰੀਬਨ 172 ਲੱਖ ਮੀਟ੍ਰਿਕ ਟਨ ਹੀ ਝੋਨੇ ਦੀ ਖਰੀਦ ਹੋਈ ਹੈ। ਝੋਨੇ ਦੇ ਘੱਟ ਝਾੜ ਦੀ ਆਰਥਿਕ ਮੰਦਹਾਲੀ ਦਾ ਅਸਰ ਸਿਰਫ ਕਿਸਾਨਾਂ 'ਤੇ ਹੀ ਪੈਣਾ, ਸਗੋਂ ਕਿਸਾਨੀ ਨਾਲ ਹਰ ਵਰਗ ਦੇ ਵਪਾਰੀ ਤੇ ਮਜ਼ਦੂਰਾਂ ਨੂੰ ਝੋਨੇ ਦੇ ਘੱਟ ਝਾੜ ਹੋਣ ਦਾ ਸੇਕ ਲੱਗੇਗਾ। ਉੱਘੇ ਕਿਸਾਨ ਨਰਿੰਜਨ ਸਿੰਘ ਸੇਖੋਂ ਨੇ ਦੱਸਿਆ ਕਿ ਇਸ ਸਾਲ ਪਰਮਲ ਝੋਨੇ ਦੇ ਕਾਸ਼ਤਕਾਰ ਕਿਸਾਨਾਂ ਨੂੰ 10 ਹਜ਼ਾਰ ਰੁਪਏ ਪ੍ਰਤੀ ਏਕੜ ਅਤੇ ਬਾਸਮਤੀ ਝੋਨੇ ਦੇ ਕਾਸ਼ਤਕਾਰ ਕਿਸਾਨਾਂ ਨੂੰ 25 ਹਜ਼ਾਰ ਰੁਪਏ ਪ੍ਰਤੀ ਏਕੜ ਦੀ ਮਾਰ ਪਈ ਹੈ। ਉਨ੍ਹਾਂ ਦੱਸਿਆ ਕਿ ਬਾਸਮਤੀ ਝੋਨੇ ਦੇ ਕਾਸ਼ਤਕਾਰ ਕਿਸਾਨਾਂ ਨੂੰ ਤਾਂ ਦੂਹਰੀ ਮਾਰ ਪਈ ਹੈ, ਇੱਕ ਤਾਂ ਝੋਨੇ ਦਾ ਝਾੜ ਘੱਟ ਨਿਕਲਿਆ ਹੈ, ਦੂਜਾ ਇੱਕ ਹਜ਼ਾਰ ਤੋਂ ਡੇਢ ਹਜ਼ਾਰ ਪ੍ਰਤੀ ਕੁਇੰਟਲ



ਝੋਨੇ ਦਾ ਭਾਅ ਘੱਟ ਮਿਲਿਆ ਹੈ। ਪਿਛਲੇ ਸਾਲ ਬਾਸਮਤੀ ਝੋਨੇ ਦੀਆਂ ਕੁਝ ਕਿਸਮਾਂ ਪੰਜ ਹਜ਼ਾਰ ਪ੍ਰਤੀ ਕੁਇੰਟਲ ਤੱਕ ਵਿਕਣ ਕਾਰਨ ਠੇਕੇ 'ਤੇ ਜ਼ਮੀਨਾਂ ਲੈ ਕੇ ਖੇਤੀ ਕਰਨ ਵਾਲੇ ਕਾਸ਼ਤਕਾਰਾਂ ਨੇ ਜ਼ਮੀਨ ਦੇ ਠੇਕੇ ਵਧਾ ਦਿੱਤੇ ਸਨ, ਜੋ ਕਿ ਹੁਣ ਪਛਤਾਅ ਰਹੇ ਹਨ। ਇਸ ਸਾਲ ਵੀ ਕੁਝ ਕਿਸਾਨਾਂ ਨੇ ਠੇਕੇ 'ਤੇ ਜ਼ਮੀਨਾਂ ਲੈਣ ਦੀਆਂ ਅਗਾਊਂ ਸਾਈਆਂ ਕਰ ਦਿੱਤੀਆਂ ਸਨ, ਜੋ ਕਿ ਹੁਣ ਝੋਨੇ ਦਾ ਝਾੜ ਤੇ ਭਾਅ ਘੱਟ ਹੋਣ ਕਾਰਨ ਸਾਈਆਂ ਛੱਡ ਰਹੇ ਹਨ। ਝੋਨੇ ਦਾ ਝਾੜ ਘੱਟ ਹੋਣ ਕਾਰਨ ਠੇਕੇ 'ਤੇ ਜ਼ਮੀਨਾਂ ਲੈ ਕੇ ਖੇਤੀ ਕਰਨ ਵਾਲੇ ਕਿਸਾਨ ਤੇ ਠੇਕੇ 'ਤੇ ਜ਼ਮੀਨਾਂ ਦੇਣ ਵਾਲੇ ਕਿਸਾਨ ਠੇਕੇ ਦੀ ਕੀਮਤ ਨੂੰ ਲੈ ਕੇ ਸ਼ਸ਼ੋਪੰਜ ਪਏ ਹੋਏ ਹਨ। ਇਸ ਸਾਲ ਕਿਸਾਨਾਂ ਨੂੰ ਝੋਨੇ ਦੇ ਘੱਟ ਝਾੜ ਅਤੇ ਭਾਅ ਦੀ ਆਰਥਿਕ ਮੰਦਹਾਲੀ ਤੋਂ ਇਲਾਵਾ ਡੀ. ਏ. ਪੀ. ਖਾਦ ਦੀ ਘਾਟ ਅਤੇ ਝੋਨੇ ਦੇ ਮੰਡੀਕਰਨ ਨੂੰ ਲੈ ਕੇ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ। ਠੇਕੇ 'ਤੇ ਜ਼ਮੀਨਾਂ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਮੋਟਾ ਘਾਟਾ ਪੈਣ ਕਾਰਨ ਆੜ੍ਹਤੀ ਵਰਗ ਕਸੂਤੀ ਸਥਿਤੀ ਵਿੱਚ ਫਸਿਆ ਹੋਇਆ ਹੈ, ਕਿਉਂਕਿ ਝੋਨੇ ਦੀ ਆਮਦਨ ਘੱਟ ਹੋਣ ਕਾਰਨ ਉਹ ਠੇਕੇਦਾਰ ਕਿਸਾਨਾਂ ਨੂੰ ਹੋਰ ਅਗਾਊਂ ਪੈਸੇ ਦੇਣ ਤੋਂ ਝਿਜਕ ਰਹੇ ਹਨ। ਸੂਬੇ ਵਿੱਚ ਝੋਨੇ ਦੇ ਇਸ ਮੰਦਹਾਲੀ ਵਾਲਾ ਸੀਜ਼ਨ ਸਮੁੱਚੇ ਸਮਾਜ ਲਈ ਨੁਕਸਾਨਦੇਹ ਸਿੱਧ ਹੋਵੇਗਾ।

# ਝੋਨੇ ਦਾ ਝਾੜ ਘਟਣ ਕਾਰਨ ਕਿਸਾਨਾਂ ਨੂੰ ਲੱਗਾ ਆਰਥਿਕ ਰਗੜਾ

ਇਸ ਵਾਰ ਝੋਨੇ ਦਾ ਝਾੜ ਘੱਟ ਜਾਣ ਕਾਰਨ ਕਿਸਾਨਾਂ ਨੂੰ ਵੱਡਾ ਆਰਥਿਕ ਰਗੜਾ ਲੱਗਾ ਹੈ। ਮਾਲਵਾ ਖੇਤਰ ਅੰਦਰ ਪ੍ਰਤੀ ਏਕੜ ਚਾਰ ਤੋਂ ਛੇ ਕੁਇੰਟਲ ਤੱਕ ਝੋਨੇ ਦਾ ਝਾੜ ਇਸ ਵਾਰ ਘੱਟ ਗਿਆ ਹੈ। ਕਿਸਾਨਾਂ ਨੂੰ ਪ੍ਰਤੀ ਏਕੜ 10 ਹਜ਼ਾਰ ਤੋਂ 14 ਹਜ਼ਾਰ ਰੁਪਏ ਦਾ ਆਰਥਿਕ ਨੁਕਸਾਨ ਸਹਿਣਾ ਪੈ

**★ ਚਾਰ ਤੋਂ ਛੇ ਕੁਇੰਟਲ ਪ੍ਰਤੀ ਏਕੜ ਘਟਿਆ ਝਾੜ**

**★ 10 ਤੋਂ 14 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਆਰਥਿਕ**

ਰਿਹਾ ਹੈ। ਭਾਵੇਂ ਝੋਨੇ ਦਾ ਝਾੜ ਘਟਣ ਦੇ ਕਈ ਕਾਰਨ ਦੱਸੇ ਜਾ ਰਹੇ ਹਨ, ਪਰ ਸਭ ਤੋਂ ਵੱਡਾ ਕਾਰਨ ਮੌਸਮ ਦੀ ਮਾਰ ਦੱਸਿਆ ਜਾ ਰਿਹਾ ਹੈ। ਇਸ ਵਾਰ ਝੋਨੇ ਦੇ ਪੱਕਣ ਸਮੇਂ ਵੀ ਮੌਸਮ ਜ਼ਿਆਦਾ ਗਰਮ ਰਹਿਣ ਕਾਰਨ ਝੋਨੇ ਦੇ ਝਾੜ ਵਿੱਚ ਕਮੀ ਦਰਜ ਕੀਤੀ ਗਈ ਹੈ। ਕਈ ਅਜਿਹੇ ਕਿਸਾਨ ਵੀ ਹਨ, ਜਿਨ੍ਹਾਂ ਦੇ ਖੇਤਾਂ ਵਿੱਚ ਬੀਜੇ ਝੋਨੇ ਦਾ ਝਾੜ ਛੇ ਕੁਇੰਟਲ ਤੋਂ ਵੀ ਜ਼ਿਆਦਾ ਘਟਿਆ ਹੈ। ਕੇਂਦਰ ਸਰਕਾਰ ਵੱਲੋਂ ਇਸ ਵਾਰ ਝੋਨੇ ਦੀ ਕੀਮਤ 2320 ਰੁਪਏ ਪ੍ਰਤੀ ਕੁਇੰਟਲ ਮਿਥੀ ਗਈ ਹੈ, ਜਿਸ ਕਾਰਨ ਕਿਸਾਨਾਂ ਨੂੰ 10 ਹਜ਼ਾਰ ਤੋਂ ਲੈ ਕੇ 14 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਨੁਕਸਾਨ ਹੋਇਆ ਹੈ। ਹਾਲਾਂਕਿ ਮਾਲਵਾ ਖੇਤਰ ਅੰਦਰ ਇਸ ਵਾਰ ਝੋਨੇ ਨੂੰ ਕੋਈ ਬਿਮਾਰੀ ਨਹੀਂ ਲੱਗੀ, ਜਿਸ ਕਾਰਨ ਕਿਸਾਨਾਂ ਨੂੰ ਕੀੜੇਮਾਰ ਦਵਾਈਆਂ ਦਾ ਬਹੁਤਾ ਛਿੜਕਾਅ ਨਹੀਂ ਕਰਨਾ ਪਿਆ। ਕਿਸਾਨਾਂ ਨੂੰ ਲੱਗਦਾ ਸੀ ਕਿ ਇਸ ਵਾਰ ਝੋਨੇ ਦੀ ਫ਼ਸਲ ਉੱਪਰ ਉਨ੍ਹਾਂ ਦਾ ਲਾਗਤ ਖਰਚਾ ਘੱਟ ਹੋਇਆ ਹੈ, ਜਿਸ ਕਾਰਨ ਮੁਨਾਫਾ ਜ਼ਿਆਦਾ ਹੋ ਸਕਦਾ ਹੈ, ਪਰ ਇਸ ਵਾਰ ਝੋਨੇ ਦੇ ਝਾੜ ਵਿੱਚ ਕਮੀ ਦਰਜ ਕੀਤੀ ਗਈ ਹੈ।

ਬਠਿੰਡਾ ਦੇ ਕਿਸਾਨ ਰਸ਼ਪਾਲ ਸਿੰਘ ਨੇ ਦੱਸਿਆ ਕਿ ਉਸ ਨੇ ਕਰੀਬ 14 ਏਕੜ ਵਿੱਚ ਝੋਨੇ ਦੀ ਬਿਜਾਈ ਕੀਤੀ ਸੀ। ਕਿਸਾਨ ਨੇ ਦੱਸਿਆ ਕਿ ਉਸ ਦੇ ਬੀਜੇ ਝੋਨੇ ਦਾ ਕਰੀਬ 6 ਕੁਇੰਟਲ ਪ੍ਰਤੀ ਏਕੜ ਝਾੜ ਘੱਟ ਨਿਕਲਿਆ ਹੈ, ਜਿਸ ਕਾਰਨ ਉਸ ਨੂੰ ਪ੍ਰਤੀ ਏਕੜ 13 ਤੋਂ 14 ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ। ਕਿਸਾਨ ਨੇ ਦੱਸਿਆ ਕਿ ਉਸਨੇ ਦੋ ਕਿਸਮਾਂ ਝੋਨੇ ਦੀ ਬਿਜਾਈ ਕੀਤੀ ਸੀ। ਕਿਸਾਨ ਦਾ ਕਹਿਣਾ ਸੀ ਕਿ ਇਸ ਵਾਰ ਮੌਸਮ ਵਿੱਚ ਜ਼ਿਆਦਾ ਗਰਮਾਹਟ ਰਹਿਣ ਕਾਰਨ ਝੋਨੇ ਦਾ ਝਾੜ ਘਟਿਆ ਹੈ। ਇੱਕ ਹੋਰ ਕਿਸਾਨ ਇਕਬਾਲਜੀਤ ਸਿੰਘ ਪੂਹਲੀ ਦਾ ਦੱਸਣਾ ਸੀ ਕਿ ਉਸ ਦਾ ਵੀ ਕਰੀਬ ਚਾਰ ਤੋਂ ਪੰਜ ਕੁਇੰਟਲ ਪ੍ਰਤੀ ਏਕੜ ਝੋਨੇ ਦਾ ਝਾੜ ਘੱਟ ਨਿਕਲਿਆ ਹੈ। ਉਸ ਦਾ ਕਹਿਣਾ ਸੀ ਕਿ ਪਿਛਲੇ ਸਾਲ ਭਾਵੇਂ ਝੋਨੇ ਨੂੰ ਕਈ ਬਿਮਾਰੀਆਂ ਨੇ ਘੇਰਿਆ, ਪਰ ਇਸ ਦੇ ਬਾਵਜੂਦ ਝਾੜ ਵਧੀਆ ਨਿਕਲਿਆ ਸੀ। ਇਸ ਵਾਰ ਝੋਨੇ ਨੂੰ ਕੋਈ ਬਿਮਾਰੀ ਨਹੀਂ ਪਈ, ਪਰ ਇਸ ਦੇ ਬਾਵਜੂਦ ਝਾੜ ਦਾ ਘੱਟ ਜਾਣਾ ਚਿੰਤਾ ਦਾ ਵਿਸ਼ਾ ਹੈ। ਉਸ ਨੇ ਦੱਸਿਆ ਕਿ ਜ਼ਿਆਦਾ ਗਰਮੀ ਪੈਣ ਕਾਰਨ ਝੋਨੇ ਦੇ ਝਾੜ ਵਿੱਚ ਕਮੀ ਆਈ ਹੈ। ਕਿਸਾਨ ਰਜਿੰਦਰ ਸਿੰਘ ਨੇ ਦੱਸਿਆ ਕਿ ਝੋਨੇ ਦਾ ਝਾੜ ਘੱਟ ਜਾਣ ਕਾਰਨ ਹਰ ਕਿਸਾਨ ਨੂੰ 10,000 ਤੋਂ ਲੈ ਕੇ 14,000 ਪ੍ਰਤੀ ਏਕੜ ਦਾ ਨੁਕਸਾਨ ਸਹਿਣਾ ਪਿਆ ਹੈ। ਉਸ ਦਾ ਕਹਿਣਾ ਸੀ ਕਿ ਖੇਤੀ ਉਪਰ ਲਾਗਤ ਖਰਚੇ ਵੱਧ ਰਹੇ ਹਨ, ਜਦੋਂਕਿ ਮੁਨਾਫਾ ਦਿਨੋ-ਦਿਨ ਘੱਟ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ 90 ਤੋਂ 92 ਮਣ ਪ੍ਰਤੀ ਏਕੜ ਝਾੜ ਨਿਕਲਿਆ ਸੀ, ਪਰ ਇਸ ਵਾਰ ਇਹ 75 ਤੋਂ 80 ਮਣ ਤੱਕ ਹੀ ਰਹਿ ਗਿਆ ਹੈ।

ਬਾਕੀ ਸਫਾ 1 ਦੀ

# ਅਗੇਤੀ ਬੀਜੀ ਕਣਕ ਦੀ ਫਸਲ 'ਤੇ ਗੁਲਾਬੀ ਸੁੰਡੀ ਦਾ ਹਮਲਾ

ਚੁੱਕੀ ਹੈ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਮਨਜ਼ੂਰਸ਼ੁਦਾ ਕਣਕ ਦੀਆਂ ਅਗੇਤੀਆਂ ਕਿਸਮਾਂ ਜਿਵੇਂ ਪੀ ਬੀ ਡਬਲਯੂ 869, ਪੀ ਬੀ ਡਬਲਯੂ 84, ਪੀ ਬੀ ਡਬਲਯੂ 803, ਪੀ ਬੀ ਡਬਲਯੂ 766, 180, ਐੱਚ ਡੀ 3269, ਪੀ ਬੀ ਡਬਲਯੂ 3439, ਪੀ ਬੀ ਡਬਲਯੂ 550 ਕਣਕ ਦੀਆਂ ਅਗੇਤੀਆਂ ਕਿਸਮਾਂ 25 ਅਕਤੂਬਰ ਤੋਂ ਲੈ ਕੇ 15 ਨਵੰਬਰ ਤੱਕ ਬਿਜਾਈ ਕਰਨ ਦੀ ਖੇਤੀਬਾੜੀ ਵਿਭਾਗ ਵੱਲੋਂ ਸਲਾਹ ਦਿੱਤੀ ਗਈ ਹੈ। ਪੀ ਬੀ ਡਬਲਯੂ ਜ਼ਿੰਕ ਕੰਟੈਂਟ ਇਸ ਵਿਚ ਜ਼ਿੰਕ ਦੀ ਮਾਤਰਾ ਵਧੇਰੇ ਹੋਣ ਕਾਰਨ ਮਨੁੱਖੀ ਸਿਹਤ ਲਈ ਲਾਹੇਵੰਦ ਹੈ ਅਤੇ ਇਸ ਦੀ ਰੋਟੀ ਵੀ ਵਧੀਆ ਤਿਆਰ ਹੁੰਦੀ ਹੈ। ਪੀ ਬੀ ਡਬਲਯੂ 771, ਪੀ ਬੀ ਡਬਲਯੂ 757 ਤੇ 752 ਕਣਕ ਦੀਆਂ ਪਛੇਤੀਆਂ ਕਿਸਮਾਂ ਜਿਸ ਦੀ ਬਿਜਾਈ ਦਸੰਬਰ ਤੋਂ ਜਨਵਰੀ ਮਹੀਨੇ 'ਚ ਹੁੰਦੀ ਹੈ, ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਣਕ ਦੀ ਬਿਜਾਈ ਦੇ 21 ਦਿਨ ਬਾਅਦ ਪਹਿਲੇ ਪਾਣੀ ਦੇ ਸਿੰਚਾਈ ਕੀਤੀ ਜਾਵੇ ਅਤੇ ਪਾਣੀ ਲਾਉਣ ਤੋਂ ਬਾਅਦ ਨਦੀਨ ਨਾਸ਼ਕ ਗੁੱਲੀ ਡੰਡਾ, ਭੈਣਾਂ, ਜਵੀ ਪਾਸੇ ਚੌੜੇ ਪੱਤਿਆਂ ਵਾਲੇ ਨਦੀਨ ਨਾਸ਼ਕਾਂ ਦੀ ਰੋਕਥਾਮ ਲਈ ਖੇਤੀਬਾੜੀ ਮਾਹਰਾਂ ਦੀ ਸਲਾਹ ਤੇ ਦਵਾਈਆਂ ਦੀ ਸਪਰੇ ਕੀਤੀ ਜਾਵੇ। ਖੇਤੀਬਾੜੀ ਮਾਹਰਾਂ ਦੀ ਸਲਾਹ 'ਤੇ ਪ੍ਰਤੀ ਏਕੜ ਵਿਚ ਕਣਕ ਨੂੰ ਵੱਖ-ਵੱਖ ਸਮਿਆਂ ਵਿਚ ਕੇਵਲ 90 ਕਿਲੋ ਖਾਦ ਹੀ ਪਾਈ ਜਾਵੇ। ਕਣਕ ਨੂੰ ਲੋੜ ਅਨੁਸਾਰ ਪਾਣੀ ਦੀ ਸਿੰਚਾਈ ਕੀਤੀ ਜਾਵੇ ਤਾਂ ਜੋ ਕਣਕ ਦਾ ਵਧੇਰੇ ਝਾੜ ਪ੍ਰਾਪਤ ਕੀਤਾ ਜਾ ਸਕੇ। ਫਰਵਰੀ ਮਾਰਚ ਮਹੀਨੇ ਵਿਚ ਮੌਸਮ ਵਿਚ ਗਰਮਾਹਟ ਆਉਣ ਤੇ ਕਣਕ ਨੂੰ ਪਾਣੀ ਦੀ ਸਿੰਚਾਈ ਵਿਚ ਵਾਧਾ ਕੀਤਾ ਜਾਵੇ ਤਾਂ ਜੋ ਕਣਕ ਨੂੰ ਸੋਕਾ ਨਾ ਪੈ ਸਕੇ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕਣਕ ਦੇ ਵਧੇਰੇ ਝਾੜ ਲੈਣ ਦੀ ਦੌਰ ਵਿਚ ਬੇਲੋੜੀ ਖਾਦ ਅਤੇ ਸਪਰੇਆਂ ਪਾ ਕੇ ਫਜ਼ੂਲ ਖਰਚ ਨਾ ਕਰਨ ਅਤੇ ਖੇਤੀਬਾੜੀ ਮਾਹਰਾਂ ਦੀ ਸਲਾਹ ਲੈਣ ਉਪਰੰਤ ਹੀ ਕਣਕ ਦੀ ਫਸਲ ਨੂੰ ਸਪਰੇਅ ਜਾਂ ਖਾਦ ਪਾਉਣ।

> ਜਿੰਨਾ ਸਮਾਂ ਸਰਕਾਰ ਪਰਾਲੀ ਦਾ ਕੋਈ ਸਹੀ ਹੱਲ ਨਹੀਂ ਕੱਢਦੀ, ਉਦੋਂ ਤੱਕ ਸੁੰਡੀ ਦਾ ਹਮਲਾ ਹੋਇਆ ਹੈ। ਖੇਤੀ ਮਾਹਿਰ ਰਾਇ ਦੇ ਰਹੇ ਹਨ ਕਿ ਕਣਕ ਦੀ ਫਸਲ ਨੂੰ ਪਾਣੀ ਲਗਾ ਕੇ ਵਿਚ ਨਦੀਨਨਾਸ਼ਕ ਦਵਾਈ ਪਾ ਦੇਣ, ਜੇਕਰ ਕਿਸਾਨ ਬਿਜਾਈ ਦੇ 21 ਦਿਨ ਤੋਂ ਪਹਿਲਾ ਫਸਲ ਨੂੰ ਪਾਣੀ ਲਾਉਂਦੇ ਹਨ ਤਾਂ ਜਿੱਥੇ ਫਸਲ ਵਿਚ ਨਦੀਨ ਪੈਦਾ ਹੋ ਜਾਣਗੇ, ਉੱਥੇ ਹੀ ਕਣਕ ਦੇ ਫੁਟਾਰੇ 'ਤੇ ਵੱਡੀ ਅਸਰ ਪਵੇਗਾ। ਖੇਤੀ ਮਾਹਿਰਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤਾਂ ਵਿਚ ਦੱਬ ਦੇਣਾ ਹੋਰ ਵੀ ਖਤਰਨਾਕ ਹੈ। ਧਰਤੀ ਵਿਚ ਦੱਬੀ ਗਈ ਪਰਾਲੀ 'ਚ ਨਿਕਲਣ ਵਾਲੀ ਮੀਥੈਨ ਗੈਸ ਮਨੁੱਖੀ ਸਿਹਤ ਲਈ ਬੇਹੱਦ ਖਤਰਨਾਕ ਹੈ।
>
> **- ਸ਼ਿੰਗਾਰਾ ਸਿੰਘ ਮਾਨ,** ਸੂਬਾ ਸਕੱਤਰ ਅਤੇ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ।

> ਫਿਲਹਾਲ ਅਗੇਤੀ ਬੀਜੀ ਕਣਕ ਦੀ ਫਸਲ ਉੱਪਰ ਹਮਲਾ ਹੋਇਆ ਹੈ, ਜਿਸ ਕਾਰਨ ਖੇਤਾਂ ਵਿਚ ਵੱਡੇ ਪੱਧਰ 'ਤੇ ਸੁੰਡੀ ਪੈਦਾ ਹੋ ਚੁੱਕੀ ਹੈ ਅਤੇ ਇਹ ਆਉਣ ਵਾਲੇ ਸਮੇਂ ਵਿਚ ਪਛੇਤੀ ਬੀਜੀ ਕਣਕ ਉੱਪਰ ਵੀ ਹਮਲਾ ਕਰੇਗੀ। ਸੁੰਡੀ ਦੇ ਹਮਲੇ ਕਾਰਨ ਜਿੱਥੇ ਫਸਲ ਉੱਪਰ ਲਾਗਤ ਖਰਚ ਵਧੇਗਾ, ਉੱਥੇ ਹੀ ਕਣਕ ਦੇ ਝਾੜ ਉੱਪਰ ਵੀ ਅਸਰ ਪੈਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਸਰਕਾਰ ਨੂੰ ਸਭ ਤੋਂ ਪਹਿਲਾਂ ਪਰਾਲੀ ਦਾ ਖੁੱਦ ਹੱਲ ਕੱਢਣਾ ਚਾਹੀਦਾ ਹੈ। ਅਜੇ ਤੱਕ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਕਿਸਾਨਾਂ ਤਕ ਨਹੀਂ ਪੁੱਜੇ।
>
> **- ਸਰੂਪ ਸਿੰਘ ਰਾਮਾਂ,** ਸੂਬਾ ਜਨਰਲ ਸਕੱਤਰ




ਖੇਤੀ ਦੁਨੀਆਂ

ਵੱਲੋਂ

ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ

ਚੰਦਿਆਂ 'ਤੇ ਵਿਸ਼ੇਸ਼ ਛੂਟ

ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ

ਇੱਕ ਸਾਲ ਲਈ 500/- ਰੁਪਏ | ਦੋ ਸਾਲ ਲਈ 750/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਿਸ਼ੇਸ਼ ਆਫਰ

ਖੇਤੀ ਦੁਨੀਆਂ

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

KHETI DUNIYAN
An Exclusive Agril. Weekly
Excellence in Agri Info

ਖੇਤੀ ਦੁਨੀਆਂ

ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com



# ਆਂਵਲੇ ਦੀ ਕਾਸ਼ਤ ਹੇਠ ਰਕਬਾ ਵਧਾਉਣ ਦੀ ਲੋੜ


ਕਈ ਗੁਣਾਂ ਨਾਲ ਭਰਪੂਰ ਆਂਵਲਾ ਇਕ ਬਹੁਤ ਹੀ ਸਖਤ ਜਾਨ ਫਲ ਹੈ ਅਤੇ ਇਸ ਨੂੰ ਅਜਿਹੀਆਂ ਜ਼ਮੀਨਾਂ 'ਤੇ ਵੀ ਉਗਾਇਆ ਜਾ ਸਕਦਾ ਹੈ, ਜਿੱਥੇ ਕਿਸੇ ਹੋਰ ਫਲ ਦੀ ਕਾਸ਼ਤ ਸੰਭਵ ਨਹੀਂ ਹੁੰਦੀ। ਇਸ ਤੋਂ ਇਲਾਵਾ ਆਂਵਲੇ ਨੂੰ ਖਾਦਾਂ, ਪਾਣੀ ਆਦਿ ਦੀ ਕੋਈ ਖਾਸ ਜ਼ਰੂਰਤ ਨਹੀਂ ਹੁੰਦੀ ਅਤੇ ਇਸ ਦੀ ਕਾਸ਼ਤ ਲਗਭਗ ਹਰ ਤਰ੍ਹਾਂ ਦੇ ਪੌਣ ਪਾਣੀ 'ਚ ਕੀਤੀ ਜਾ ਸਕਦੀ ਹੈ। ਬੂਟਿਆਂ 'ਤੇ ਫਲ ਵੀ ਭਰਪੂਰ ਲਗਦਾ ਹੈ ਅਤੇ ਇਨ੍ਹਾਂ ਉੱਪਰ ਕਿਸੇ ਬਿਮਾਰੀ ਜਾਂ ਕੀੜੇ ਦਾ ਹਮਲਾ ਵੀ ਨਹੀਂ ਹੁੰਦਾ। ਇਸ ਦੀ ਕਾਸ਼ਤ ਖੇਤਾਂ 'ਚ ਮੋਟਰਾਂ ਕੋਲ, ਖਾਲੀ ਪਈਆਂ ਸ਼ਾਮਲਾਟ ਜ਼ਮੀਨਾਂ, ਕਲਰਾਠੀਆਂ ਜ਼ਮੀਨਾਂ ਅਤੇ ਅਜਿਹੀਆਂ ਜ਼ਮੀਨਾਂ ਜਿਨ੍ਹਾਂ 'ਚ ਸੋਡੀਅਮ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਬਾਕੀ ਫਸਲਾਂ ਦੀ ਖੇਤੀ ਸੰਭਵ ਨਹੀਂ ਹੈ, ਉੱਥੇ ਸਫਲਤਾਪੂਰਵਕ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਰੇਤਲੀਆਂ ਤੇ ਪਥਰੀਲੀਆਂ ਜ਼ਮੀਨਾਂ 'ਚ ਵੀ ਇਹ ਰੁੱਖ ਵਧਣ-ਫੁੱਲਣ ਦੀ ਸਮਰੱਥਾ ਰੱਖਦਾ ਹੈ। ਕੰਢੀ ਦੇ ਉੱਬੜ-ਖਾਬੜ ਇਲਾਕਿਆਂ ਵਿਚ, ਜਿੱਥੇ ਅਣ-ਉਪਜਾਊ ਜ਼ਮੀਨਾਂ ਹਨ ਅਤੇ ਜੰਗਲੀ ਜਾਨਵਰਾਂ ਦੇ ਫਸਲ ਖਰਾਬ ਕਰਨ ਦਾ ਖਤਰਾ ਰਹਿੰਦਾ ਹੈ, ਉੱਥੇ ਆਂਵਲੇ ਦੀ ਖੇਤੀ ਕਾਮਯਾਬੀ ਨਾਲ ਹੋ ਸਕਦੀ ਹੈ, ਕਿਉਂਕਿ ਜੰਗਲੀ ਜਾਨਵਰ ਵੀ ਇਸ ਨੂੰ ਨਹੀਂ ਖਾਂਦੇ। ਇਸ ਦੀ ਗੁਣਵੱਤਾ ਅਤੇ ਸਰਲ ਕਾਸ਼ਤਕਾਰੀ ਢੰਗਾਂ ਕਰਕੇ ਘਰੇਲੂ ਬਗੀਚੀ 'ਚ ਲਾਉਣ ਲਈ ਵੀ ਇਹ ਸਭ ਤੋਂ ਉਪਯੁਕਤ ਫਲ ਹੈ। ਘਰੇਲੂ ਬਗੀਚੀ ਵਿਚ ਬੂਟੇ ਲਾਉਣ ਸਮੇਂ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਕੰਧ ਜਾਂ ਪੱਕੇ ਫਰਸ਼ ਤੋਂ ਪਰ੍ਹੇ ਹਟਵੇਂ ਲਾਏ ਜਾਣ ਤਾਂ ਜੋ ਇਨ੍ਹਾਂ ਨੂੰ ਚੰਗੀ ਤਰ੍ਹਾਂ ਧੁੱਪ ਮਿਲ ਸਕੇ ਤੇ ਬੂਟਿਆਂ ਦੀਆਂ ਜੜ੍ਹਾਂ ਅਤੇ ਛਤਰੀ ਸਹੀ ਢੰਗ ਨਾਲ ਵਿਕਸਿਤ ਹੋ ਸਕਣ।



ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵਲੋਂ ਆਂਵਲੇ ਦੀਆਂ ਪ੍ਰਮੁੱਖ ਤਿੰਨ ਕਿਸਮਾਂ ਬਲਵੰਤ, ਨੀਲਮ ਤੇ ਕੰਚਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਇਨ੍ਹਾਂ ਕਿਸਮਾਂ ਦੇ ਪੂਰੀ ਤਰ੍ਹਾਂ ਵਿਕਸਿਤ ਰੁੱਖ ਤਕਰੀਬਨ 120 ਕਿਲੋ ਫਲ ਪ੍ਰਤੀ ਬੂਟਾ ਪ੍ਰਾਪਤ ਕੀਤਾ ਜਾ ਸਕਦਾ ਹੈ। ਬਲਵੰਤ ਅੱਧ ਨਵੰਬਰ ਵਿਚ, ਤੇ ਕੰਚਨ ਅੱਧ ਦਸੰਬਰ ਵਿਚ ਪੱਕਦੀ ਹੈ। ਇਸ ਤਰ੍ਹਾਂ ਇਹ ਫਲ ਨਵੰਬਰ ਤੋਂ ਦਸੰਬਰ ਮਹੀਨੇ ਤੱਕ ਉਪਲਬਧ ਰਹਿੰਦਾ ਹੈ। ਘਰੇਲੂ ਬਗੀਚੀ ਲਈ ਨੀਲਮ ਕਿਸਮ ਸਭ ਤੋਂ ਉਪਯੁਕਤ ਹੈ ਪਰ ਬਾਗ ਵਿਚ ਬੂਟਿਆਂ ਤੋਂ ਚੰਗਾ ਝਾੜ ਲੈਣ ਲਈ ਘੱਟੋ-ਘੱਟ ਦੋ ਕਿਸਮਾਂ ਦੇ ਬੂਟੇ ਲਗਾਉਣੇ ਜ਼ਰੂਰੀ ਹਨ ਤਾਂ ਜੋ ਪਰਾਗਣ ਕਿਰਿਆ ਸਹੀ ਢੰਗ ਨਾਲ ਪੂਰੀ ਹੋ ਸਕੇ। ਲੰਮੇ ਸਮੇਂ ਤੱਕ ਫਲ ਦੀ ਉਪਲਬਧਤਾ ਯਕੀਨੀ ਬਣਾਉਣ ਲਈ ਵੱਖ-ਵੱਖ ਪੱਕਣ ਵਾਲੀਆਂ ਤਿੰਨੇ ਕਿਸਮਾਂ ਦੇ ਰਲਵੇਂ-ਮਿਲਵੇਂ ਬੂਟੇ ਲਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਆਂਵਲੇ ਦੇ ਫਲ ਪੂਰੇ ਪੱਕਣ 'ਤੇ ਤੋੜਨੇ ਚਾਹੀਦੇ ਹਨ। ਪੱਕਣ ਸਮੇਂ ਇਸ ਦੇ ਫਲ ਫਿੱਕੇ ਹਰੇ ਰੰਗ ਦੇ ਹੁੰਦੇ ਹਨ ਅਤੇ ਗਿਟਕ ਦਾ ਰੰਗ ਚਿੱਟੇ ਤੋਂ ਹਲਕੇ ਕਾਲੇ 'ਚ ਤਬਦੀਲ ਹੋ ਜਾਂਦਾ ਹੈ। ਫਲ ਦੀ ਬਾਹਰੀ ਪਰਤ ਪਾਰਦਰਸ਼ੀ ਨਜ਼ਰ ਆਉਣ ਲੱਗ ਜਾਂਦੀ ਹੈ। ਤੁੜਾਈ ਸਵੇਰ ਦੀ ਤਰੇਲ ਉਤਰਨ ਤੋਂ ਬਾਅਦ ਸ਼ੁਰੂ ਕਰਨੀ ਚਾਹੀਦੀ ਹੈ ਤਾਂ ਜੋ ਫਲਾਂ ਉੱਪਰਲੀ ਨਮੀਂ ਫਲਾਂ ਦੇ ਗਲਣ ਦਾ ਕਾਰਨ ਨਾ ਬਣੇ। ਆਂਵਲੇ ਦੀ ਲੱਕੜ ਬਹੁਤ ਨਰਮ ਹੁੰਦੀ ਹੈ ਅਤੇ ਫਲ ਤੋੜਨ ਵੇਲੇ ਖਾਸ ਖਿਆਲ ਰੱਖਣਾ ਚਾਹੀਦਾ ਹੈ ਕਿ ਬੂਟੇ ਦੀਆਂ ਟਾਹਣੀਆਂ ਨਾ ਟੁੱਟਣ। ਤੁੜਾਈ ਸਮੇਂ ਫਲ ਜ਼ਮੀਨ 'ਤੇ ਨਹੀਂ ਡਿਗਣ ਦੇਣੇ ਚਾਹੀਦੇ ਅਤੇ ਇਨ੍ਹਾਂ ਨੂੰ ਪੌੜੀ ਲਾ ਕੇ ਸਾਵਧਾਨੀ ਨਾਲ ਤੋੜ ਕੇ ਕਿਸੇ ਥੈਲੇ ਜਾਂ ਪਲਾਸਟਿਕ ਕਰੇਟ 'ਚ ਰੱਖਣਾ ਚਾਹੀਦਾ ਹੈ। ਫਲ ਰੱਖਣ ਤੋਂ ਪਹਿਲਾਂ ਥੱਲੇ ਅਤੇ ਪਾਸਿਆਂ ਤੇ ਘਾਹ-ਫੂਸ ਜਾਂ ਪਰਾਲੀ ਦੀ ਪਰਤ ਵਿਛਾ ਦੇਣੀ ਚਾਹੀਦੀ ਹੈ ਤਾਂ ਜੋ ਫਲ ਦਾਗੀ ਨਾ ਹੋਣ ਅਤੇ ਮੰਡੀ 'ਚ ਇਨ੍ਹਾਂ ਦਾ ਵਧੀਆ ਮੁੱਲ ਮਿਲ ਸਕੇ। ਦਾਗੀ ਅਤੇ ਛੋਟੇ ਆਕਾਰ ਦੇ ਫਲਾਂ ਨੂੰ ਪ੍ਰੋਸੈਸਿੰਗ ਲਈ ਵੀ ਵਰਤ ਲਿਆ ਜਾਂਦਾ ਹੈ। ਆਂਵਲੇ ਦੇ ਫਲਾਂ ਦੀ ਪ੍ਰੋਸੈਸਿੰਗ ਕਰਕੇ ਇਸ ਤੋਂ ਅਨੇਕਾਂ ਤਰ੍ਹਾਂ ਦੇ ਪਦਾਰਥ ਬਣਾਏ ਜਾ ਸਕਦੇ ਹਨ। ਅਚਾਰ, ਸੁਕੈਸ਼, ਮੁਰੱਬਾ, ਜੈਮ, ਜੈੱਲੀ ਅਤੇ ਆਂਵਲਾ ਕੈਂਡੀ। ਭਰਪੂਰ ਖੁਰਾਕੀ ਮਹੱਤਤਾ, ਮਾੜੀਆਂ ਜ਼ਮੀਨਾਂ 'ਚ ਵਧੀਆਂ ਵਧਣ-ਫੁੱਲਣ ਦੀ ਸਮਰੱਥਾ ਅਤੇ ਆਸਾਨ ਕਾਸ਼ਤਕਾਰੀ ਢੰਗਾਂ ਕਰਕੇ ਆਂਵਲੇ ਥੱਲੇ ਰਕਬਾ ਹੋਰ ਵਧਾਇਆ ਜਾ ਸਕਦਾ ਹੈ।

**- ਰਚਨਾ ਅਰੋੜਾ, ਫਲ ਵਿਗਿਆਨ ਵਿਭਾਗ,**
**ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ।**

# ਕਣਕ ਦੇ ਕਾਸ਼ਤਕਾਰ ਕਿਸਾਨਾਂ ਲਈ ਰੁਝੇਵੇਂ



ਭਗਵਾਨ ਦਾਸ

ਚੰਗਾ ਝਾੜ ਲੈਣ ਲਈ ਪੀ.ਏ.ਯੂ. ਵਲੋਂ ਕਣਕ ਦੀ ਕਾਸ਼ਤ ਵਾਸਤੇ 1 ਨਵੰਬਰ ਤੋਂ 15 ਨਵੰਬਰ ਦਾ ਸਮਾਂ ਆਦਰਸ਼ਕ ਕੀਤਾ ਗਿਆ ਹੈ। ਲੰਮੇ ਸਮੇਂ 'ਚ ਪੱਕਣ ਵਾਲੀਆਂ ਪੁਰਾਣੀਆਂ ਰਿਲੀਜ਼ ਹੋਈਆਂ ਕਣਕ ਦੀਆਂ ਕਿਸਮਾਂ ਦੀ ਬਿਜਾਈ ਅਖੀਰ ਅਕਤੂਬਰ ਤੋਂ ਸ਼ੁਰੂ ਕੀਤੇ ਜਾਣ ਦੀ ਸਿਫਾਰਸ਼ ਕੀਤੀ ਗਈ ਹੈ। ਪ੍ਰੰਤੂ ਮੌਸਮ ਤੇ ਵਾਤਾਵਰਨ 'ਚ ਤਬਦੀਲੀ ਆ ਰਹੀ ਹੈ। ਅੱਧ-ਨਵੰਬਰ ਤੋਂ ਬਾਅਦ ਦਾ ਸਮਾਂ ਵੀ ਪੱਕਣ ਨੂੰ ਥੋੜ੍ਹਾ ਸਮਾਂ ਲੈਣ ਵਾਲੀਆਂ, ਹਾਲ 'ਚ ਹੀ ਰਿਲੀਜ਼ ਕੀਤੀਆਂ ਗਈਆਂ। ਪੀ. ਏ. ਯੂ. ਸਨਮਾਨਿਤ ਬੀਜ ਪੈਦਾ ਕਰਨ ਵਾਲੇ ਅਗਾਂਹਵਧੂ ਕਿਸਾਨ ਬਲਬੀਰ ਸਿੰਘ ਜੜ੍ਹੀਆ ਧਰਮਗੜ੍ਹ (ਅਮਲੋਹ) ਆਪਣੀ ਸਾਰੀ 400 ਏਕੜ (ਜਿਸ 'ਚ 320 ਏਕੜ ਦੂਜੇ ਕਿਸਾਨਾਂ ਦੀ ਜ਼ਮੀਨ ਹੈ) 'ਤੇ ਕਣਕ ਦੀ ਬਿਜਾਈ ਅੱਜਕੱਲ੍ਹ 22 ਨਵੰਬਰ ਤੋਂ 3 ਦਸੰਬਰ ਦੇ ਦਰਮਿਆਨ ਕਰੇਗਾ।

ਸਟੇਟ ਅਵਾਰਡੀ ਅਤੇ ਪੰਜਾਬ ਸਰਕਾਰ ਨਾਲ ਕ੍ਰਿਸ਼ੀ ਕਰਮਨ ਪੁਰਸਕਾਰ ਲੈਣ ਵਾਲਾ ਅਗਾਂਹਵਧੂ ਕਿਸਾਨ ਰਾਜਮੋਹਨ ਸਿੰਘ ਕਾਲੇਕਾ ਬਿਸ਼ਨਪੁਰ ਛੰਨਾ ਕਹਿੰਦਾ ਹੈ ਕਿ ਥੋੜ੍ਹੇ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਵਿਕਸਿਤ ਹੋਣ ਉਪਰੰਤ ਅਤੇ ਮੌਸਮ ਤੇ ਵਾਤਾਵਰਨ 'ਚ ਪਰਿਵਰਤਨ ਆਉਣ ਨਾਲ ਪੀ.ਏ.ਯੂ. ਦੀਆਂ ਹਾੜ੍ਹੀ ਦੀਆਂ ਫਸਲਾਂ ਲਈ ਕਣਕ ਸੰਬੰਧੀ ਸਿਫਾਰਸ਼ਾਂ ਦੀ ਪੈਕੇਜ ਆਫ ਪ੍ਰੈਕਟੀਸੀਜ਼ ਦੇ ਬੁੱਕਲੈੱਟ 'ਚ ਹਰ ਸਾਲ ਸੋਧ ਕਰਨ ਦੀ ਲੋੜ ਹੈ। ਇਸ 'ਚ ਲੰਮੇ ਸਮੇਂ ਤੋਂ ਹਰ ਸਾਲ ਲਗਭਗ ਉਹੀ ਸਿਫਾਰਸ਼ਾਂ ਚਲਦੀਆਂ ਆ ਰਹੀਆਂ ਹਨ। ਜਿਨ੍ਹਾਂ ਕਿਸਾਨਾਂ ਨੇ ਅਕਤੂਬਰ 'ਚ ਕਣਕ ਹੈਪੀ ਸੀਡਰ ਜਾਂ ਸੁਪਰਸੀਡਰ ਨਾਲ ਬੀਜ ਲਈ ਉਨ੍ਹਾਂ 'ਚੋਂ ਬਹੁਤਿਆਂ ਨੂੰ ਸੁੰਡੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਰਾਲੀ ਨੂੰ ਅੱਗ ਨਾ ਲਗਾਉਣ ਕਰਕੇ ਉਨ੍ਹਾਂ ਨੇ ਝੋਨੇ ਨੂੰ ਐੱਸ. ਐੱਮ. ਐੱਸ. ਕੰਬਾਈਨ ਨਾਲ ਵਢਵਾ ਕੇ ਸੁਪਰਸੀਡਰ ਨਾਲ ਕਣਕ ਬੀਜ ਲਈ ਸੀ। ਉਨ੍ਹਾਂ ਦੇ ਅਜਿਹੇ ਖੇਤਾਂ 'ਚ ਬਹੁਤੀਆਂ ਹਾਲਤਾਂ 'ਚ ਕਣਕ ਦੀ ਜਰਮੀਨੇਸ਼ਨ ਵੀ ਬਹੁਤ ਘੱਟ ਹੋਈ। ਹੁਣ ਕਈ ਕਿਸਾਨ ਉਸ ਨੂੰ ਵਾਹ ਕੇ ਦੁਬਾਰਾ ਕਣਕ ਬੀਜਣ ਲਈ ਮਜਬੂਰ ਹਨ। ਉਨ੍ਹਾਂ ਨੂੰ ਪਹਿਲਾਂ ਝੋਨੇ ਦੀ ਫਸਲ ਦੇ ਮੰਡੀਕਰਨ 'ਚ ਬੜੀਆਂ ਪ੍ਰੇਸ਼ਾਨੀਆਂ ਉਠਾਉਣੀਆਂ ਪਈਆਂ, ਫਿਰ ਡੀ.ਏ.ਪੀ. ਨਾ ਮਿਲਣ ਕਰਕੇ ਉਹ ਪ੍ਰੇਸ਼ਾਨ ਰਹੇ ਅਤੇ ਹੁਣ ਕਣਕ ਦੀ ਉੱਗਣ ਸ਼ਕਤੀ ਘਟਣ ਕਾਰਨ ਉਨ੍ਹਾਂ ਨੂੰ ਦੁਬਾਰਾ ਬਿਜਾਈ ਕਰਨ ਸੰਬੰਧੀ ਬੜਾ ਖਰਚਾ ਕਰਨਾ ਪੈ ਰਿਹਾ ਹੈ। ਸਮੇਂ ਸਿਰ ਕਣਕ ਬੀਜਣ ਲਈ ਕੀਤੀਆਂ ਗਈਆਂ ਸਿਫਾਰਸ਼ਾਂ 'ਚ ਪੀ. ਬੀ. ਡਬਲਿਊ-826, ਪੀ. ਬੀ. ਡਬਲਿਊ-869, ਪੀ. ਬੀ. ਡਬਲਿਊ-766, ਡੀ. ਬੀ. ਡਬਲਿਊ-222, ਡੀ. ਬੀ. ਡਬਲਿਊ-370, ਡੀ. ਬੀ. ਡਬਲਿਊ-371, ਡੀ. ਬੀ. ਡਬਲਿਊ-372, ਐੱਚ.ਡੀ.-3226 ਅਤੇ ਉਨਤ ਪੀ. ਬੀ. ਡਬਲਿਊ-343 ਕਿਸਮਾਂ ਸ਼ਾਮਿਲ ਹਨ। ਮੌਸਮ 'ਚ ਆਈ ਤਬਦੀਲੀ ਵਜੋਂ ਇਹ ਕਿਸਮਾਂ ਹੁਣ ਵੀ ਬੀਜੀਆਂ ਜਾ ਸਕਦੀਆਂ ਹਨ। ਇਸ ਸਾਲ ਕਾਫੀ ਵੱਡਾ ਰਕਬਾ ਦਸੰਬਰ 'ਚ ਬੀਜਿਆ ਜਾਵੇਗਾ। ਪਿਛੇਤੀ ਬਿਜਾਈ ਲਈ ਡੀ. ਬੀ. ਡਬਲਿਊ-752, ਪੀ. ਬੀ. ਡਬਲਿਊ-771, ਪੀ. ਬੀ. ਡਬਲਿਊ-751 ਅਤੇ ਐੱਚ ਡੀ-3298 ਜਿਹੀਆਂ ਕਿਸਮਾਂ 'ਚੋਂ ਚੁਣੀਆਂ ਜਾ ਸਕਦੀਆਂ ਹਨ।

ਵਧੇਰੇ ਝਾੜ ਲੈਣ ਲਈ ਕਿਸਾਨਾਂ ਨੂੰ ਖਾਦ ਪੀ. ਏ. ਯੂ ਦੀਆਂ ਸਿਫਾਰਸ਼ਾਂ ਅਨੁਸਾਰ ਪਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਜੇ ਜ਼ਮੀਨ ਦੀ ਪਰਖ ਨਾ ਕਰਵਾਈ ਹੋਵੇ ਤਾਂ ਦਰਮਿਆਨੀਆਂ ਜ਼ਮੀਨਾਂ 'ਚ ਬਿਜਾਈ ਵੇਲੇ 55 ਕਿਲੋ ਡੀ ਏ ਪੀ ਜਾਂ 155 ਕਿਲੋ ਸੁਪਰਫਾਸਫੇਟ ਜਾਂ 125 ਕਿਲੋ ਨਾਈਟਰੋਫਾਸਫੇਟ ਪ੍ਰਤੀ ਏਕੜ ਪਾ ਕੇ ਬਿਜਾਈ ਕਰਨੀ ਚਾਹੀਦੀ ਹੈ। ਫਾਸਫੋਰਸ ਤੱਤ ਲਈ ਸੁਪਰਫਾਸਫੇਟ ਖਾਦ ਪਾਈ ਹੋਵੇ ਤਾਂ 20 ਕਿਲੋ ਯੂਰੀਆ ਪ੍ਰਤੀ ਏਕੜ ਨਾਲ ਪਾ ਦੇਣਾ ਚਾਹੀਦਾ ਹੈ। ਕਣਕ 'ਚ ਬਿਜਾਈ ਤੋਂ ਬਾਅਦ ਯੂਰੀਆ (ਨਿਮਲਿਪਤ) 110 ਕਿਲੋ ਪ੍ਰਤੀ ਏਕੜ ਪਾਉਣ ਦੀ ਸਿਫਾਰਸ਼ ਕੀਤੀ ਗਈ ਹੈ, ਜਦੋਂ ਕਿ ਬਹੁਤੇ ਕਿਸਾਨ 200 ਕਿਲੋ ਤੋਂ ਵੀ ਵੱਧ ਪਾਈ ਜਾ ਰਹੇ ਹਨ। ਇਸ ਵੇਲੇ ਮੰਡੀ 'ਚ ਯੂਰੀਏ ਦੀ ਕਮੀ ਵੀ ਮਹਿਸੂਸ ਕੀਤੀ ਜਾ ਰਹੀ ਹੈ, ਐਗਰੋ ਇਨਪੁਟਸ ਡੀਲਰਜ਼ ਐਸੋਸੀਏਸ਼ਨ ਦੇ ਕਾਰਕੁੰਨ ਧਰਮ ਬਾਂਸਲ ਅਨੁਸਾਰ ਸਹਿਕਾਰੀ ਸੁਸਾਇਟੀਆਂ ਕੋਲ ਜੋ 60 ਪ੍ਰਤੀਸ਼ਤ ਯੂਰੀਆ ਆਇਆ ਹੈ, ਉਹ ਖੁੱਲ੍ਹੇ ਤੌਰ 'ਤੇ ਕਿਸਾਨਾਂ ਨੂੰ ਨਹੀਂ ਦਿੱਤਾ ਜਾ ਰਿਹਾ। ਕੁਝ ਕਿਸਾਨ ਵੀ ਡੀ.ਏ.ਪੀ. ਦੀ ਕਿੱਲਤ ਨੂੰ ਵੇਖਦੇ ਹੋਏ ਪਹਿਲੇ ਪਾਣੀ ਨਾਲ ਜੋ ਯੂਰੀਆ ਪਾਉਣਾ ਹੈ, ਉਸ ਦੀ ਬਜਾਏ ਸਾਰਾ ਹੀ ਕਣਕ 'ਚ ਪਾਇਆ ਜਾਣ ਵਾਲਾ ਯੂਰੀਆ ਮੰਡੀ 'ਚੋਂ ਹੁਣੇ ਖਰੀਦ ਰਹੇ ਹਨ। ਪਹਿਲੇ ਅਤੇ ਦੂਜੇ ਪਾਣੀ ਨਾਲ ਨਵੰਬਰ 'ਚ ਬੀਜੀ ਕਣਕ ਨੂੰ 45 ਕਿਲੋ ਅਤੇ ਅੱਧ-ਦਸੰਬਰ ਤੋਂ ਬਾਅਦ ਬੀਜੀ ਕਣਕ ਨੂੰ 35 ਕਿਲੋ ਪ੍ਰਤੀ ਏਕੜ ਯੂਰੀਆ ਪਾਉਣਾ ਜ਼ਰੂਰੀ ਹੈ। ਕਲਰਾਠੀ ਜ਼ਮੀਨਾਂ 'ਚ 25 ਪ੍ਰਤੀਸ਼ਤ ਵੱਧ ਯੂਰੀਆ ਪਾ ਦੇਣਾ ਚਾਹੀਦਾ ਹੈ। ਕਿਸਾਨਾਂ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਦੇਰੀ ਨਾਲ ਦਸੰਬਰ 'ਚ ਬੀਜੀ ਕਣਕ ਨੂੰ ਵੱਧ ਯੂਰੀਆ ਪਾਉਣ ਦੀ ਬਜਾਏ ਵਿਗਿਆਨੀਆਂ ਅਨੁਸਾਰ 25 ਪ੍ਰਤੀਸ਼ਤ ਇਹ ਖਾਦ ਘਟਾ ਦੇਣੀ ਚਾਹੀਦੀ ਹੈ। ਬੀਜ ਨੂੰ ਬਿਜਾਈ ਤੋਂ ਪਹਿਲਾਂ ਰੈਕਸਲ ਜਾਂ ਵੀਟਾਵੈਕਸ ਨਾਲ ਸੋਧ ਲੈਣਾ ਚਾਹੀਦਾ ਹੈ। ਬੀਜ ਦੀ ਸੋਧ ਬਿਜਾਈ ਤੋਂ ਇਕ ਮਹੀਨਾ ਪਹਿਲਾਂ ਨਹੀਂ ਕਰਨੀ ਚਾਹੀਦੀ ਹੈ ਤਾਂ ਜੋ ਕਣਕ ਦੀ ਉੱਗਣ ਸ਼ਕਤੀ 'ਤੇ ਮਾੜਾ ਅਸਰ ਨਾ ਪਵੇ। ਅਜਿਹਾ ਕਰਨ ਨਾਲ ਸਿੱਟੇ ਅਤੇ ਪੱਤਿਆਂ ਦੀ ਕਾਂਗਿਆਰੀ ਦੀ ਰੋਕਥਾਮ ਹੋਵੇਗੀ।

ਫਸਲ ਬੀਜਣ ਤੋਂ ਛੇਤੀ ਪਿੱਛੋਂ ਅਤੇ ਫਿਰ ਪੱਕਣ ਸਮੇਂ ਸਿਉਂਕ ਬੜਾ ਨੁਕਸਾਨ ਕਰਦੀ ਹੈ। ਇਸ ਦੇ ਹਮਲੇ ਨਾਲ ਬੂਟੇ ਸੁੱਕ ਜਾਂਦੇ ਹਨ। ਇਸ ਦੀ ਰੋਕਥਾਮ ਕੋਈ ਵੀ ਦਵਾਈ ਜੋ ਪੀਏਯੂ ਵੱਲੋਂ ਸਿਫਾਰਸ਼ ਕੀਤੀ ਗਈ ਹੋਵੇ, ਵਰਤ ਲੈਣੀ ਚਾਹੀਦੀ ਹੈ। ਸਿਉਂਕ ਦਾ ਹਮਲਾ ਰੇਤਲੀਆਂ ਜ਼ਮੀਨਾਂ 'ਚ ਜ਼ਿਆਦਾ ਹੁੰਦਾ ਹੈ। ਭਾਵੇਂ ਪਾਣੀ ਲਗਾਉਣ ਨਾਲ ਕੁਝ ਹੱਦ ਤੱਕ ਠੀਕ ਹੋ ਜਾਂਦਾ ਹੈ। ਕਣਕ ਦੀ ਫਸਲ 'ਚੋਂ ਨਦੀਨਾਂ ਦਾ ਗਾਇਬ ਕਰਨਾ ਵੀ ਬਹੁਤ ਜ਼ਰੂਰੀ ਹੈ। ਨਦੀਨਾਂ ਦੀ ਰੋਕਥਾਮ ਕਰਨ ਲਈ ਦੋ ਗੋਡੀਆਂ, ਪਹਿਲੀ ਗੋਡੀ ਕਣਕ ਨੂੰ ਪਹਿਲਾਂ ਪਾਣੀ ਲਗਾਉਣ ਤੋਂ ਪਹਿਲਾਂ ਅਤੇ ਦੂਜੀ ਗੋਡੀ ਖੇਤ ਵੱਤਰ ਆਉਣ 'ਤੇ ਕਰ ਦੇਣੀ ਚਾਹੀਦੀ ਹੈ ਜਾਂ ਫਿਰ ਕਿਸੇ ਪ੍ਰਭਾਵਸ਼ਾਲੀ ਨਦੀਨ ਨਾਸ਼ਕ ਦੀ ਵਰਤੋਂ ਕਰਕੇ ਗੁੱਲੀ ਡੰਡਾ ਨਦੀਨਾਂ ਨੂੰ ਨਾਸ਼ ਕਰ ਦੇਣਾ ਚਾਹੀਦਾ ਹੈ। ਗੁੱਲੀ ਡੰਡੇ ਅਤੇ ਜੰਗਲੀ ਜੌਂਧਰ ਦੀ ਰੋਕਥਾਮ ਲਈ ਨਦੀਨ ਨਾਸ਼ਕਾਂ ਦੀ ਵਰਤੋਂ ਕਰਨੀ ਲੋੜੀਂਦੀ ਹੈ। ਬਿਜਾਈ ਸਮੇਂ ਨਦੀਨ ਉੱਗਣ ਤੋਂ ਪਹਿਲਾਂ ਸਟੌਂਪ, ਦੋਸਤ ਜਿਹੇ ਨਦੀਨ ਵਰਤਣੇ ਚਾਹੀਦੇ ਹਨ। ਇਹ ਨਦੀਨ ਨਾਸ਼ਕ ਵਰਤਣ ਲਈ ਜ਼ਮੀਨ 'ਚ ਕਾਫੀ ਵੱਤਰ ਜਾਂ ਨਮੀਂ ਦਾ ਹੋਣਾ ਬਹੁਤ ਜ਼ਰੂਰੀ ਹੈ। ਬਿਜਾਈ ਸਮੇਂ ਨਦੀਨ ਨਾਸ਼ਕਾਂ ਦੇ ਛਿੜਕਾਅ ਲਈ ਲੱਕੀ ਸੀਡ ਡਰਿਲ ਵਰਤਣ ਦੀ ਲੋੜ ਹੈ। ਪਹਿਲੀ ਸਿੰਜਾਈ ਤੋਂ ਪਹਿਲਾਂ (ਨਦੀਨ ਉੱਗਣ ਤੋਂ ਬਾਅਦ), ਪਹਿਲੀ ਸਿੰਜਾਈ ਤੋਂ ਬਾਅਦ (ਨਦੀਨ ਉੱਗਣ ਉਪਰੰਤ) ਪੀਏਯੂ ਵੱਲੋਂ ਸਿਫਾਰਸ਼ ਕੀਤੇ ਗਏ ਨਦੀਨ ਨਾਸ਼ਕਾਂ 'ਚੋਂ ਕਿਸੇ ਵੀ ਨਦੀਨ ਨਾਸ਼ਕਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਗੁੱਲੀ ਡੰਡੇ ਲਈ ਯੂ.ਪੀ.ਐੱਲ. ਵਰਗੀਆਂ ਨਾਮਵਰ ਕੰਪਨੀਆਂ ਦੇ ਨਦੀਨ ਨਾਸ਼ਕ ਵਰਤਣੇ ਚਾਹੀਦੇ ਹਨ। ਗੁੱਲੀ ਡੰਡੇ ਨੂੰ ਕਾਬੂ ਕਰਨਾ ਬਹੁਤ ਜ਼ਰੂਰੀ ਹੈ। ਜੇ ਇਹ ਕਾਬੂ ਨਾ ਕੀਤਾ ਜਾਵੇ ਤਾਂ ਇਹ 60 ਪ੍ਰਤੀਸ਼ਤ ਕਣਕ ਦਾ ਝਾੜ ਘਟਾ ਸਕਦਾ ਹੈ।

ਕਣਕ ਦਾ ਪਹਿਲਾ ਪਾਣੀ ਬਿਜਾਈ ਦੇ ਚਾਰ ਹਫਤਿਆ 'ਚ ਦੇਣਾ ਚਾਹੀਦਾ ਹੈ। ਹਲਕੀਆਂ ਜ਼ਮੀਨਾਂ 'ਚ ਪਹਿਲਾ ਪਾਣੀ ਤਿੰਨ ਹਫਤਿਆਂ ਤੋਂ ਬਾਅਦ ਦੇਣਾ ਲੋੜੀਂਦਾ ਹੈ। ਹਲਕੀਆਂ ਅਤੇ ਕੱਲਰ ਵਾਲੀਆਂ ਜ਼ਮੀਨਾਂ 'ਚ ਪਹਿਲੇ ਪਾਣੀ ਤੋਂ ਬਾਅਦ ਜ਼ਿੰਕ ਦੀ ਘਾਟ ਆ ਸਕਦੀ ਹੈ। ਇਹ ਪੱਤੇ ਲੱਕ ਵਿਚਕਾਰੋਂ ਪੀਲੇ ਪੈ ਜਾਂਦੇ ਹਨ ਅਤੇ ਬਾਅਦ 'ਚ ਸੁੱਕ ਦੇ ਟੁੱਟਣ ਲੱਗ ਜਾਂਦੇ ਹਨ। ਅਜਿਹੀਆਂ ਨਿਸ਼ਾਨੀਆਂ ਨਜ਼ਰ ਆਉਣ 'ਤੇ 25 ਕਿਲੋ ਜ਼ਿੰਕ ਸਲਫੇਟ (21 ਪ੍ਰਤੀਸ਼ਤ) ਪ੍ਰਤੀ ਏਕੜ ਨੂੰ ਮਿੱਟੀ 'ਚ ਮਿਲਾ ਕੇ ਛੱਟਾ ਦੇ ਦੇਣਾ ਚਾਹੀਦਾ ਹੈ। ਹਲਕੀਆਂ ਜ਼ਮੀਨਾਂ 'ਚ ਤਾਂ ਝੋਨੇ ਤੋਂ ਬਾਅਦ ਕਣਕ ਨੂੰ ਮੈਂਗਨੀਜ਼ ਦੀ ਘਾਟ ਵੀ ਆ ਸਕਦੀ ਹੈ। ਅਜਿਹਾ ਹੋਣ 'ਤੇ 0.5 ਪ੍ਰਤੀਸ਼ਤ ਮੈਂਗਨੀਜ਼ ਸਲਫੇਟ (1 ਕਿਲੋ) 100 ਲਿਟਰ ਪਾਣੀ ਪ੍ਰਤੀ ਏਕੜ ਦਾ ਘੋਲ ਬਣਾ ਕੇ ਛਿੜਕਾਅ ਕਰਨਾ ਚਾਹੀਦਾ ਹੈ। ਰੇਤਲੀਆਂ ਜ਼ਮੀਨਾਂ 'ਚ ਗੰਧਕ ਦੀ ਘਾਟ ਕਾਰਨ ਉਪਰਲੇ ਨਵੇਂ ਪੱਤੇ ਹਲਕੇ ਹਰੇ ਅਤੇ ਫਿਰ ਪੀਲੇ ਹੋ ਜਾਂਦੇ ਹਨ, ਜਦੋਂ ਕਿ ਹੇਠਲੇ ਪੱਤੇ ਹਰੇ ਹੀ ਰਹਿੰਦੇ ਹਨ। ਇਹੋ ਜਿਹੇ ਚਿੰਨ੍ਹ ਦਿਖਾਈ ਦੇਣ 'ਤੇ ਖੇਤ 'ਚ ਇਕ ਕੁਇੰਟਲ ਪ੍ਰਤੀ ਏਕੜ ਜਿਪਸਮ ਦਾ ਛੱਟਾ ਮਾਰ ਕੇ ਹਲਕਾ ਪਾਣੀ ਦੇ ਦੇਣਾ ਚਾਹੀਦਾ ਹੈ।



RNI Regd. No. PUNPUN00806



# ਪਕਾਵੇਂ ਮਟਰਾਂ ਦੀ ਕਾਸ਼ਤ

ਊਸ਼ਾ ਨਾਰਾ, ਹਰਪ੍ਰੀਤ ਕੌਰ ਵਿਰਕ ਅਤੇ ਬਲਵਿੰਦਰ ਸਿੰਘ ਗਿੱਲ,
ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ



ਫਸਲੀ ਚੱਕਰ ਵਿਚ ਪਕਾਵੇਂ ਮਟਰ ਉਗਾਉਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿਚ ਸੁਧਾਰ ਹੋ ਸਕਦਾ ਹੈ ਜਿਸਦਾ ਫਾਇਦਾ ਅਗਲੀਆਂ ਫਸਲਾਂ ਨੂੰ ਹੋ ਸਕਦਾ ਹੈ । ਇਸਦੀ ਆਮ ਤੌਰ ਤੇ ਸੰਸਾਰ ਵਿਚ ਭੋਜਨ ਅਤੇ ਚਾਰੇ ਦੇ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ । ਮਨੁੱਖ ਇਸ ਤੋਂ ਸਾਬਤ ਬੀਜ ਦੇ ਰੂਪ ਵਿਚ ਜਾਂ ਦਾਲ ਜਾਂ ਵੇਸਣ ਦੇ ਰੂਪ ਵਿਚ ਖਾ ਸਕਦੇ ਹਨ । ਕਿਸਾਨ ਹੇਠ ਦਿੱਤੀਆਂ ਗਈਆਂ ਸਿਫਾਰਸ਼ ਤਕਨੀਕਾਂ ਦੀ ਪਾਲਣਾ ਕਰਕੇ ਇਸ ਫਸਲ ਤੋਂ ਵੱਧ ਤੋਂ ਵੱਧ ਝਾੜ ਪ੍ਰਾਪਤ ਕਰ ਸਕਦੇ ਹਨ ।

**ਜਲਵਾਯੂ** : ਹਾੜ੍ਹੀ ਦੀ ਫਸਲ ਹੋਣ ਕਰਕੇ ਇਸ ਨੂੰ ਠੰਢੇ ਮੌਸਮ ਅਤੇ ਮੱਧਮ ਤਾਪਮਾਨ ਦੀ ਲੋੜ ਹੁੰਦੀ ਹੈ । ਹਾਲਾਂਕਿ, ਸਖਤ ਠੰਡ ਫੁੱਲਾਂ ਅਤੇ ਫਲਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ । ਜ਼ਿਆਦਾ ਨਮੀ ਅਤੇ ਬੱਦਲਵਾਈ ਵਾਲੇ ਮੌਸਮ ਵਿਚ ਉੱਲੀ ਰੋਗ ਫੈਲਦੇ ਹਨ । ਫਸਲ ਦੇ ਵਾਧੇ ਲਈ ਸਰਵੋਤਮ ਤਾਪਮਾਨ 13-18 ਡਿਗਰੀ ਸੈਲਸੀਅਸ ਹੈ ।

**ਮਿੱਟੀ ਦੀ ਕਿਸਮ ਅਤੇ ਖੇਤ ਦੀ ਤਿਆਰੀ** : ਪਕਾਵੇਂ ਮਟਰ ਨੂੰ ਚੰਗੀ ਨਿਕਾਸ ਵਾਲੀ ਰੇਤਲੀ ਤੋਂ ਭੱਲ ਵਾਲੀ ਜ਼ਮੀਨ ਤੇ ਉਗਾਇਆ ਜਾ ਸਕਦਾ ਹੈ । ਖੇਤ ਨੂੰ 2-3 ਵਾਰ ਵਾਹ ਕੇ ਅਤੇ ਹਰ ਵਾਰ ਸੁਹਾਗਾ ਮਾਰ ਕੇ ਤਿਆਰ ਕਰਨਾ ਚਾਹੀਦਾ ਹੈ । ਫਸਲ ਨੂੰ ਆਮ ਤੌਰ ਤੇ ਬਿਜਾਈ ਤੋਂ ਪਹਿਲਾਂ ਰੌਣੀ ਕਰਕੇ ਬੀਜਣਾ ਚਾਹੀਦਾ ਹੈ । ਹਾਲਾਂਕਿ, ਜੇਕਰ ਝੋਨੇ ਦੀ ਕਟਾਈ ਤੋਂ ਬਾਅਦ ਮਿੱਟੀ ਵਿਚ ਲੋੜ੍ਹੀਂਦੀ ਨਮੀਂ ਹੋਵੇ, ਤਾਂ ਇਸਦੀ ਬਿਜਾਈ ਬਿਨਾਂ ਸਿੰਚਾਈ ਦੇ ਕੀਤੀ ਜਾ ਸਕਦੀ ਹੈ ।

**ਸੁਧਰੀ ਕਿਸਮ** : ਪੰਜਾਬ ਰਾਜ ਵਿਚ ਕਾਸ਼ਤ ਲਈ ਪਕਾਵੇਂ ਮਟਰ ਦੀ ਕਿਸਮ ਆਈ ਪੀ ਐਫ ਡੀ 12-2 ਦੀ ਸਿਫਾਰਸ਼ ਕੀਤੀ ਗਈ ਹੈ । ਇਹ ਇਕ ਦਰਮਿਆਨੇ ਸਮੇਂ ਵਿਚ ਪੱਕਣ ਵਾਲੀ ਕਿਸਮ ਹੈ ਜੋ ਲਗਭਗ 124 ਦਿਨਾਂ ਵਿਚ ਪੱਕ ਜਾਂਦੀ ਹੈ । ਇਸ ਵਿਚ ਦਰਮਿਆਨੇ ਆਕਾਰ ਦੇ ਦਾਣਿਆਂ ਦੇ ਨਾਲ ਲੰਬੀਆਂ ਫਲੀਆਂ ਹੁੰਦੀਆਂ ਹਨ । 100 ਦਾਣਿਆਂ ਦਾ ਭਾਰ 15.6 ਗ੍ਰਾਮ ਹੁੰਦਾ ਹੈ । ਇਹ 80 ਸੈਂਟੀਮੀਟਰ ਪੌਦਿਆਂ ਦੀ ਉਚਾਈ ਵਾਲੀ ਬਹੁਤ ਹੀ ਆਕਰਸ਼ਕ ਕਿਸਮ ਹੈ । ਇਸ ਵਿਚ ਬਹੁਤ ਵਧੀਆ ਪੌਸ਼ਟਿਕ ਅਤੇ ਖਾਣਾ ਪਕਾਉਣ ਦੀ ਗੁਣਵੱਤਾ ਹੈ । ਇਸ ਦੇ ਦਾਣਿਆਂ ਵਿਚ 24.5 ਫੀਸਦੀ ਪ੍ਰੋਟੀਨ ਹੁੰਦਾ ਹੈ । ਇਹ 6.8 ਕੁਇੰਟਲ ਪ੍ਰਤੀ ਏਕੜ ਦਾ ਔਸਤਨ ਝਾੜ ਦਿੰਦੀ ਹੈ ।

**ਬਿਜਾਈ ਦਾ ਸਮਾਂ** : ਪਕਾਵੇਂ ਮਟਰ ਦੀ ਬਿਜਾਈ ਦਾ ਸਮਾਂ ਅਕਤੂਬਰ ਦੇ ਅੰਤ ਤੋਂ ਅੱਧ-ਨਵੰਬਰ ਤੱਕ ਹੈ । ਹਾਲਾਂਕਿ, ਝਾੜ ਵਿਚ ਮਾਮੂਲੀ ਕਮੀਂ ਦੇ ਨਾਲ ਇਸ ਦੀ ਬਿਜਾਈ ਨੂੰ ਨਵੰਬਰ ਦੇ ਅਖੀਰ ਤੱਕ ਵੀ ਕੀਤੀ ਜਾ ਸਕਦੀ ਹੈ ।

**ਬੀਜ ਦੀ ਮਾਤਰਾ ਅਤੇ ਬਿਜਾਈ ਦੀ ਵਿਧੀ** : ਪਕਾਵੇਂ ਮਟਰ ਦੀ ਬਿਜਾਈ ਲਈ ਬੀਜ ਦੀ ਮਾਤਰਾ 20-25 ਕਿਲੋ ਪ੍ਰਤੀ ਏਕੜ ਹੈ । ਫਸਲ ਨੂੰ ਪੋਰਾ ਜਾਂ ਕੇਰੇ ਨਾਲ 30 ਸੈਂਟੀਮੀਟਰ ਦੇ ਫਾਸਲੇ ਤੇ ਕਤਾਰਾਂ ਵਿਚ ਜਾਂ ਬੀਜ-ਕਮ ਖਾਦ ਡਰਿੱਲ ਦੀ ਵਰਤੋਂ ਕਰਕੇ ਬੀਜਿਆ ਜਾ ਸਕਦਾ ਹੈ ।

**ਬੀਜ ਨੂੰ ਟੀਕਾ ਲਾਉਣਾ** : ਬਿਜਾਈ ਤੋਂ ਪਹਿਲਾਂ ਬੀਜ ਨੂੰ ਰਾਇਜ਼ੋਬੀਅਮ ਦਾ ਟੀਕਾ ਲਾਉਣ ਨਾਲ ਝਾੜ ਵਿਚ ਵਾਧਾ ਹੁੰਦਾ ਹੈ । ਇਕ ਏਕੜ ਲਈ ਸਿਫਾਰਸ਼ ਕੀਤੇ ਬੀਜ ਨੂੰ ਘੱਟੋ-ਘੱਟ ਪਾਣੀ ਨਾਲ ਗਿੱਲਾ ਕਰੋ । ਰਾਇਜ਼ੋਬੀਅਮ ਕਲਚਰ ਦੇ ਇੱਕ ਪੈਕੇਟ ਨੂੰ ਬੀਜ ਵਿਚ ਚੰਗੀ ਤਰ੍ਹਾਂ ਮਿਲਾਓ ਅਤੇ ਫਿਰ ਛਾਂ ਵਿਚ ਸੁਕਾਓ ।

**ਸਿੰਚਾਈ** : ਫਸਲ ਨੂੰ ਘੱਟੋ-ਘੱਟ ਦੋ ਸਿੰਚਾਈਆਂ ਦੀ ਲੋੜ ਹੁੰਦੀ ਹੈ, ਪਹਿਲੀ ਦਸੰਬਰ ਦੇ ਆਖੀਰ ਵਿਚ ਫੁੱਲ ਆਉਣ ਤੋਂ ਪਹਿਲਾਂ ਅਤੇ ਦੂਜੀ ਫਰਵਰੀ ਮਹੀਨੇ ਵਿਚ ਫਲੀ ਬਣਨ ਤੋਂ ਬਾਅਦ ਕਰੋ । ਬਾਰਸ਼ ਦੇ ਸਮੇਂ ਅਨੁਸਾਰ, ਕੁਝ ਖੇਤਰਾਂ ਵਿਚ ਫਸਲ ਨੂੰ ਸਿਰਫ ਇਕ ਸਿੰਚਾਈ ਦੀ ਹੀ ਲੋੜ ਪੈਂਦੀ ਹੈ ।

**ਖਾਦਾਂ ਦੀ ਵਰਤੋਂ** : ਪਕਾਵੇਂ ਮਟਰ ਦੀ ਫਸਲ ਨੂੰ 12 ਕਿਲੋ ਨਾਈਟ੍ਰੋਜਨ (26 ਕਿਲੋ ਯੂਰੀਆ) ਅਤੇ 16 ਕਿਲੋ ਫਾਸਫੋਰਸ (100 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਦੀ ਲੋੜ ਹੁੰਦੀ ਹੈ । ਇਹ ਖਾਦਾਂ ਬਿਜਾਈ ਸਮੇਂ ਪਾਉਣੀਆਂ ਚਾਹੀਦੀਆਂ ਹਨ ।

**ਨਦੀਨਾਂ ਦੀ ਰੋਕਥਾਮ** : ਫਸਲ ਨੂੰ ਨਦੀਨਾਂ ਤੋਂ ਮੁਕਤ ਰੱਖਣ ਲਈ ਬਿਜਾਈ ਤੋਂ 3 ਅਤੇ 6 ਹਫਤਿਆਂ ਬਾਅਦ ਵ੍ਹੀਲ ਹੈਂਡ ਹੋਅ ਨਾਲ ਦੋ ਗੋਡੀਆਂ ਕਰਨੀਆਂ ਚਾਹੀਦੀਆਂ ਹਨ ।

**ਵਾਢੀ** : ਜਦੋਂ ਪੌਦੇ ਪੀਲੇ ਭੂਰੇ ਰੰਗ ਦੇ ਹੋ ਜਾਣ ਤਾਂ ਫਸਲ ਦੀ ਕਟਾਈ ਕਰਨੀ ਚਾਹੀਦੀ ਹੈ । ਫਸਲ ਮਾਰਚ ਦੇ ਤੀਜੇ ਹਫਤੇ ਤੋਂ ਅਪ੍ਰੈਲ ਦੇ ਪਹਿਲੇ ਹਫਤੇ ਤੱਕ ਕਟਾਈ ਲਈ ਤਿਆਰ ਹੋ ਜਾਂਦੀ ਹੈ ।

ਕਿਸਾਨ ਵੀਰੋ !

ਪਰਾਲੀ ਨਾ ਸਾੜੋ

★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦਿਓ ।
★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਨਾਓ ।
★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।

